# ਮੁਖਬੰਦ

**(ਵੱਲੋਂ-ਭਗਤ ਪੂਰਨ ਸਿੰਘ)**

ਸ੍ਰੀ ਦਰਬਾਰ ਸਾਹਿਬ ਰੱਬ ਦਾ ਘਰ ਹੈ । ਸ੍ਰਿਸ਼ਟੀ ਦੀ ਰਚਨਾ ਕਰਨ ਪਿੱਛੋਂ ਰੱਬ ਇਸ ਦੀ ਰੱਖਿਆ ਦੇ ਸੰਬੰਧ ਵਿੱਚ ਬੇਫ਼ਿਕਰ ਨਹੀਂ ਰਹਿ ਸਕਦਾ ਸੀ । ਉਸ ਨੇ ਮਨੁੱਖ ਨੂੰ ਬੁੱਧੀ ਦੇ ਕੇ ਇਸ ਯੋਗ ਬਣਾ ਛੱਡਿਆ ਕਿ ਉਹ ਵਾਹਿਗੁਰੂ ਤੋਂ ਮਿਲਣ ਵਾਲੇ ਅਤੇ ਉਸ ਦੀ ਪਾਲਨਾ ਕਰਨ ਵਾਲੇ ਤਿੰਨ ਸਾਧਨਾਂ ਧਰਤੀ, ਪਾਣੀ ਤੇ ਹਵਾ ਨੂੰ ਸੰਭਾਲ ਕੇ ਰੱਖਣ ਲਈ ਗਿਆਨ ਪੈਦਾ ਕਰ ਸਕੇ, ਸੋਚ ਸਕੇ ਤੇ ਨਿਰਣੈ ਕਰ ਸਕੇ । ਪਰਮਾਤਮਾ ਨੇ ਸਰੀਰ ਧਾਰਨ ਕਰ ਕੇ ਦੁਨੀਆਂ ਵਿੱਚ ਤਾਂ ਆਉਣਾ ਨਹੀਂ ਹੁੰਦਾ । ਉਸ ਨੇ ਬੰਦੇ ਨੂੰ ਦਿਮਾਗ਼ ਦੇ ਕੇ ਉਸ ਨੂੰ ਕਹਿ ਦਿੱਤਾ ਸੀ ਕਿ ਦੇਖ ਭਾਈ ਅੱਜ ਤੋਂ ਲੈ ਕੇ ਹੁਣ ਤੂੰ ਆਪਣਾ ਨਫ਼ਾ ਨੁਕਸਾਨ ਸੋਚਣਾ ਹੈ, ਮੈਂ ਸਰੀਰ ਧਾਰ ਕੇ ਸੰਸਾਰ ਵਿੱਚ ਨਹੀਂ ਆਉਣਾ । ਦੁਨੀਆਂ ਦੇ ਬੰਦਿਆਂ ਨੂੰ ਉਹਨਾਂ ਦੇ ਬਚਾਓ ਤੇ ਜੀਵਨ ਦੇ ਜ਼ਰੂਰੀ ਸਾਧਨਾਂ ਦੀ ਰੱਖਿਆ ਤੇ ਉਹਨਾਂ ਨੂੰ ਪੈਦਾ ਕਰਨ ਦਾ ਗਿਆਨ ਦੇਣ ਦੀ ਜ਼ਿੰਮੇਵਾਰੀ ਤੋਂ ਬਚਣ ਲਈ ਮੈਂ ਜਿਹੜੀ ਦੂਜੀ ਦਾਤ, ਦੁਨੀਆਂ ਦੇ ਲੋਕਾਂ ਨੂੰ ਦੇ ਸਕਦਾ ਸਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੇ ਧਰਮ ਗ੍ਰੰਥ ਪੈਦਾ ਕਰ ਦਿੱਤੇ ਸਨ। ਓਸੇ ਦਿਨ ਤੋਂ ਮੈਂ ਦੁਨੀਆਂ ਦੇ ਬੰਦਿਆਂ ਨੂੰ ਉਹਨਾਂ ਦੇ ਬਚਾਓ ਤੇ ਜੀਵਨ ਦੇ ਜ਼ਰੂਰੀ ਸਾਧਨਾਂ ਦੀ ਰੱਖਿਆ ਤੇ ਉਹਨਾਂ ਨੂੰ ਪੈਦਾ ਕਰਨ ਦਾ ਗਿਆਨ ਦੇਣ ਦੀ ਜ਼ਿੰਮੇਵਾਰੀ ਤੋਂ ਬਚਣ ਲਈ ਮੈਂ ਜਿਹੜੀ ਦੂਜੀ ਦਾਤ, ਦੁਨੀਆਂ ਦੇ ਲੋਕਾਂ ਨੂੰ ਦੇ ਸਕਦਾ ਸਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੇ ਧਰਮ ਗ੍ਰੰਥ ਸਨ । ਜਿਸ ਦਿਨ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੇ ਧਰਮ ਗ੍ਰੰਥ ਪੈਦਾ ਕਰ ਦਿੱਤੇ ਸਨ ਓਸੇ ਦਿਨ ਤੋਂ ਮੈਂ ਦੁਨੀਆਂ ਦੇ ਬੰਦਿਆਂ ਨੂੰ ਉਹਨਾਂ ਦੇ ਬਚਾਓ ਦਾ ਗਿਆਨ ਦੇਣ ਦਾ ਕਰਤੱਵ ਪੂਰਾ ਕਰ ਕੇ ਆਪਣੀ ਜ਼ਿੰਮੇਵਾਰੀ ਤੋਂ ਬਰੀ ਹੋ ਗਿਆ ਸਾਂ । ਉਸ ਦਿਨ ਤੋਂ ਦੁਨੀਆਂ ਦੇ ਬੰਦੇ ਆਪਣੇ ਬਚਾਉ ਬਾਰੇ ਆਪ ਸੋਚਣ ਲਈ ਜ਼ਿੰਮੇਵਾਰ ਬਣ ਗਏ ਸਨ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੇਠ ਲਿਖਿਆ ਸ਼ਬਦ ਮੇਰੀ ਇਸ ਜ਼ਿੰਮੇਵਾਰੀ ਨੂੰ ਪੂਰੇ ਤੌਰ ’ਤੇ ਮਨੁੱਖਾਂ ਦੇ ਸਿਰ ’ਤੇ ਪਾ ਚੁੱਕਿਆ ਹੈ ।

**ਸਫਲੁ ਜਨਮ ਹਰਿ ਜਨ ਕਾ ਉਪਜਿਆ ਜਿਨ ਕੀਨੋ ਸਉਤੁ ਬਿਧਾਤਾ ॥**

**(ਅੰਗ ੫੩੨)**



ਅਰਥਾਤ—ਜਿਹੜੇ ਬੰਦੇ ਹਰੀ ਨੂੰ ਆਪਣੇ ਮਨ ਵਿੱਚ ਵਸਾ ਕੇ ਉਸ ਦੇ ਭਗਤ ਬਣ ਜਾਂਦੇ ਹਨ, ਉਹ ਹੀ ਸਫਲ ਢੰਗ ਨਾਲ ਜੀਵਨ ਜਿਊਂਦੇ ਹੁੰਦੇ ਹਨ ਕਿਉਂਕਿ ਉਹਨਾਂ ਨੇ ਹੀ ਰੱਬ ਦੀਆਂ ਜ਼ਿੰਮੇਵਾਰੀਆਂ ਨੂੰ ਸਿਰ ’ਤੇ ਚੁੱਕ ਕੇ ਉਸੇ ਤਰ੍ਹਾਂ ਉਸ ਨੂੰ ਔਂਤਰਾ ਹੋਣ ਤੋਂ ਬਚਾਇਆ ਹੁੰਦਾ ਹੈ, ਜਿਸ ਤਰ੍ਹਾਂ ਆਪਣੇ ਪਿਓ ਦੀ ਮੌਤ ਤੋਂ ਪਿੱਛੋਂ ਪੁੱਤਰ ਉਸ ਦੀਆਂ ਜ਼ਿੰਮੇਵਾਰੀਆਂ ਨੂੰ ਤਨ, ਮਨ, ਧਨ ਨਾਲ ਨਿਭਾਉਂਦਾ ਹੋਇਆ ਉਸ ਨੂੰ ਔਂਤਰਾ ਹੋਣ ਤੋਂ ਬਚਾ ਲੈਂਦਾ ਹੈ ।

ਉੱਪਰ ਮੈਂ ਜੀਵ ਦੀ ਪਾਲਣਾ ਕਰਨ ਵਾਲੇ ਤਿੰਨ ਸਾਧਨਾਂ ਧਰਤੀ, ਪਾਣੀ ਤੇ ਹਵਾ ਦਾ ਉਲੇਖ ਕੀਤਾ ਹੈ । ਜਪੁ ਜੀ ਸਾਹਿਬ ਦੇ ਅੰਤ ’ਤੇ, ਹੇਠ ਲਿਖੇ ਸਲੋਕ ਵਿੱਚ ਦੱਸਿਆ ਗਿਆ ਹੈ ਕਿ ਹਵਾ (ਪੌਣ) ਗੁਰੂ ਰੂਪ ਹੈ, ਧਰਤੀ ਮਾਤਾ ਰੂਪ ਹੈ ਅਤੇ ਪਾਣੀ ਪਿਤਾ ਰੂਪ ਹੈ:-

ਸਲੋਕ ॥

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥**
**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥**
**ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥**
**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥**
**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥**

(ਅੰਗ ੮)

ਪਵਣ, ਪਾਣੀ ਤੇ ਧਰਤੀ ਜੀਵਨ ਦਾ ਅਧਾਰ ਹਨ। ਜਦ ਤਕ ਦੁਨੀਆਂ ਕਾਇਮ ਰਹੇਗੀ ਉਸ ਸਮੇਂ ਤਕ ਆਪਣੇ ਭਵਿੱਖਤ ਦੇ ਅਣਮਿੱਥੇ ਸਮੇਂ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ ਅਸੀਂ ਧਰਤੀ, ਹਵਾ ਤੇ ਪਾਣੀ ਨੂੰ ਖ਼ਰਾਬ ਨਾ ਹੋਣ ਦੇਈਏ । ਜੇ ਇਹ ਬਰਬਾਦ ਹੋ ਰਹੇ ਹੋਣ ਤਾਂ ਸਾਡੀ ਮਨੁੱਖੀ ਹੋਂਦ ਇਹ ਮੰਗ ਕਰਦੀ ਹੈ ਕਿ ਉਹਨਾਂ ਮੁੱਢਲੇ ਸਾਧਨਾਂ ਦੀ ਤਬਾਹੀ ਤੋਂ ਪੈਦਾ ਹੋਣ ਵਾਲੀਆਂ ਅਨੇਕ ਪ੍ਰਕਾਰ ਦੀਆਂ ਤਬਾਹੀਆਂ ਨੂੰ ਹੁਣ ਤੋਂ ਅਗਾਊਂ ਰੋਕ ਪਾਈਏ। ਜਿਸ ਤਰ੍ਹਾਂ ਹਨੇਰੀ ਤੋਂ ਪਹਿਲਾਂ ਹਵਾ ਵਿੱਚ ਗਹਿਰ ਆਉਂਦੀ ਹੈ ਉਸੇ ਤਰ੍ਹਾਂ ਕੋਈ ਤਬਾਹੀ ਅਜਿਹੀ ਹੋ ਸਕਦੀ ਹੈ ਜਿਸਦੇ ਆਉਣ ਦੇ ਛੋਟੇ-ਛੋਟੇ ਲੱਛਣ ਉਸ ਦੇ ਆਉਣ ਤੋਂ ੧੫੦ ਸਾਲ ਪਹਿਲਾਂ ਲੱਭ ਸਕਦੇ ਹੋਣ । ਜਿਹੜੇ ਮਨੁੱਖ ਆਉਣ ਵਾਲੀ ਹਨੇਰੀ ਦੇ ਆਉਣ ਤੋਂ ਪਹਿਲਾਂ ਖ਼ਬਰਦਾਰ ਹੋ ਕੇ ਆਪਣੇ ਬਾਲ-ਬੱਚਿਆਂ ਨੂੰ ਬਚਾਉਣ ਦਾ ਯਤਨ ਨਹੀਂ ਕਰਦੇ ਉਹ ਮਨੁੱਖ ਕਹਾਉਣ ਦੇ ਅਧਿਕਾਰੀ ਨਹੀਂ ਰਹਿ ਸਕਦੇ । ਸਾਡੇ

ਲਈ ਇਹ ਜ਼ਰੂਰੀ ਹੈ ਕਿ ਅਸੀਂ ਇਨ੍ਹਾਂ—ਧਰਤੀ, ਪਾਣੀ ਤੇ ਹਵਾ ਤਿੰਨਾਂ ਜੀਵਨ ਦੇ ਸਾਧਨਾਂ ਨੂੰ ਬਰਬਾਦ ਨਾ ਹੋਣ ਦੇਈਏ, ਅਸੀਂ ਕਾਰਖ਼ਾਨਿਆਂ ਦੀਆਂ ਚਿਮਨੀਆਂ 'ਚੋਂ ਨਿਕਲਦੇ ਧੂੰਏਂ ਅਤੇ ਮੋਟਰਕਾਰਾਂ, ਬੱਸਾਂ ਤੇ ਟਰੱਕਾਂ ਦੇ ਡੀਜ਼ਲ 'ਚੋਂ ਨਿਕਲਦੇ ਜ਼ਹਿਰੀਲੇ ਧੂੰਏਂ ਨਾਲ ਹਵਾ ਨੂੰ ਜ਼ਹਿਰੀਲਾ ਨਾ ਹੋਣ ਦੇਈਏ ਤੇ ਧਰਤੀ ਨੂੰ ਗਰਮ ਨਾ ਹੋਣ ਦੇਈਏ ਅਤੇ ਕਾਰਖ਼ਾਨਿਆਂ ਤੇ ਸ਼ਹਿਰਾਂ ਦੀਆਂ ਗੰਦੀਆਂ ਨਾਲੀਆਂ ਦੇ ਪਾਣੀ ਨਾਲ ਝੀਲਾਂ, ਦਰਿਆਵਾਂ ਤੇ ਨਹਿਰਾਂ ਦੇ ਪਾਣੀ ਨੂੰ ਜ਼ਹਿਰੀਲਾ ਨਾ ਹੋਣ ਦੇਈਏ । ਜਦ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਦੇ ਕਾਰਨ ਸਾਡੇ ਦੇਸ਼ ਦੀ ਧਰਤੀ ਖ਼ੁਰਦੀ-ਖ਼ੁਰਦੀ ਰੇਗਿਸਤਾਨ ਬਣ ਜਾਏਗੀ, ਜਦੋਂ ਹਵਾ ਤੇ ਪਾਣੀ ਜ਼ਹਿਰੀਲੇ ਹੋ ਜਾਣਗੇ; ਜਦ ਓਜ਼ੋਨ ਤੇ ਆਕਸੀਜਨ ਖ਼ਤਮ ਹੋ ਜਾਣਗੀਆਂ, ਧਰਤੀ ਗਰਮ ਹੋ ਜਾਏਗੀ, ਬਰਫ਼ ਦੇ ਪਹਾੜ ਪਿਘਲ ਜਾਣਗੇ, ਤੇਜ਼ਾਬ ਦੀ ਵਰਖਾ ਪੈਣ ਲੱਗ ਪਏਗੀ, ਛੇਤੀ-ਛੇਤੀ ਹਨੇਰੀਆਂ ਆਉਣ ਲੱਗ ਪੈਣਗੀਆਂ, ਮਕਾਨਾਂ ਦੀਆਂ ਛੱਤਾਂ ਨੂੰ ਉਡਾਣ ਵਾਲੀਆਂ ਹਨੇਰੀਆਂ ਆਉਣ ਲੱਗ ਪੈਣਗੀਆਂ ਉਦੋਂ ਦੁਨੀਆਂ ਨੂੰ ਮੌਤ ਦੇ ਪੰਜਿਆਂ ਵਿੱਚੋਂ ਕਿਵੇਂ ਛੁਡਾਇਆ ਜਾ ਸਕੇਗਾ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਬਦ ਹੈ:-

**ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥**

**(ਅੰਗ ੪੧੭)**

ਜੇਕਰ ਪਹਿਲਾਂ ਹੀ ਪ੍ਰਮਾਤਮਾ ਨੂੰ ਯਾਦ ਰੱਖੀਏ ਤੇ ਉਸ ਦੇ ਹੁਕਮ ਅਨੁਸਾਰ ਜੀਵਨ ਬਿਤਾਈਏ ਤਾਂ ਸਜ਼ਾ ਦਿਵਾਉਣ ਵਾਲੇ ਖੋਟੇ ਕੰਮਾਂ ਨੂੰ ਕਰਨ ਤੋਂ ਬਚ ਸਕਦੇ ਹਾਂ ।

ਸੰਸਾਰ ਪ੍ਰਸਿੱਧ ਫ਼ਿਲਾਸਫ਼ਰ ਟੀ.ਐਚ.ਹਕਸਲੇ ਲਿਖਦਾ ਹੈ—

**The life, the fortune and the happiness of every one of us, and more or less of those who are connected with us, depend upon our knowing something of the rules of the game infinitely more difficult and complicated than chess. The chess board is the world, the player on the other side is hidden from us. We know that his play is always just and fair and patient. But also we know to our cost that he never overlooks a mistake or makes the**



**smallest allowance for ignorance. To the man who plays well the highest stakes are paid with that sort of overflowing generosity with which the strong delight in strength. And one who plays ill is checkmated without haste, but without remorse. Well, what I mean by education is learning the rules of that mighty game.**

ਅਰਥਾਤ—ਸਾਡਾ ਹਰ ਇਕ ਦਾ ਜੀਵਨ, ਸਾਡੀ ਤਕਦੀਰ ਸਾਡੇ ਸੁੱਖ ਅਤੇ ਉਹਨਾਂ ਦੇ ਵੀ ਘੱਟ ਚਾਹੇ ਵੱਧ ਜਿਨ੍ਹਾਂ ਦੇ ਸੰਬੰਧ ਸਾਡੇ ਨਾਲ ਹੁੰਦੇ ਹਨ, ਇਸ ਗੱਲ ਉੱਤੇ ਨਿਰਭਰ ਹਨ ਕਿ ਸਾਨੂੰ ਜੀਵਨ ਖੇਡ ਦੇ ਨਿਯਮਾਂ ਦੀ ਕੁਝ ਜਾਣਕਾਰੀ ਹੋਵੇ, ਜਿਹੜੀ ਸ਼ਤਰੰਜ ਦੀ ਖੇਡ ਨਾਲੋਂ ਅਨੇਕਾਂ ਗੁਣਾਂ ਵਧੇਰੇ ਕਠਿਨ ਅਤੇ ਗੁੰਝਲਦਾਰ ਹੈ । ਇਉਂ ਸਮਝੋ ਕਿ ਸੰਸਾਰ ਮਾਨੋ ਸ਼ਤਰੰਜ ਦੀ ਤਖ਼ਤੀ ਹੈ ਅਤੇ ਇਸ ਵਿੱਚ ਵਾਪਰਦੀਆਂ ਘਟਨਾਵਾਂ ਮੋਹਰੇ ਹਨ । ਇਸ ਖੇਲ ਦੇ ਨਿਯਮ ਹਨ ਜਿਨ੍ਹਾਂ ਨੂੰ ਅਸੀਂ ਕੁਦਰਤ ਦੇ ਨਿਯਮ ਆਖਦੇ ਹਾਂ, ਦੂਜੇ ਪਾਸੇ ਬੈਠਾ ਖਿਡਾਰੀ ਨਜ਼ਰੋਂ ਓਹਲੇ ਰਹਿੰਦਾ ਹੈ । ਅਸੀਂ ਜਾਣਦੇ ਹਾਂ ਕਿ ਉਸ ਦੀ ਖੇਡ ਵਿੱਚ ਸਦਾ ਹੱਕ ਹੈ, ਨਿਆਂ ਹੈ ਅਤੇ ਧੀਰਜ ਹੈ; ਪਰ ਅਸੀਂ ਇਹ ਜਾਣਦੇ ਹਾਂ ਕਿ ਜਿਸ ਦੀ ਕੀਮਤ ਭਾਵੇਂ ਅਸੀਂ ਆਪ ਹੀ ਚੁਕਾਉਂਦੇ ਹਾਂ ਤੇ ਸਾਡੀ ਕੋਈ ਗ਼ਲਤੀ ਉਸ ਦੀਆਂ ਨਜ਼ਰਾਂ ਵਿੱਚੋਂ ਓਹਲੇ ਨਹੀਂ ਰਹਿੰਦੀ ਅਤੇ ਨਾ ਹੀ ਉਹ ਸਾਡੀ ਅਗਿਆਨਤਾ ਦੇ ਕਾਰਨ ਕਿਸੇ ਭੁੱਲ ਦੀ ਥੋੜ੍ਹੀ ਤੋਂ ਥੋੜ੍ਹੀ ਛੋਟ ਹੀ ਦਿੰਦਾ ਹੈ । ਜਿਹੜਾ ਬੰਦਾ ਠੀਕ ਤਰ੍ਹਾਂ ਖੇਲਦਾ ਹੈ ਉਸ ਨੂੰ ਖੇਡ ਉੱਤੇ ਵੱਡੇ ਦਾਓ ਉਸ ਕਿਸਮ ਦੀ ਡੁੱਲ੍ਹਦੀ ਉਦਾਰਤਾ ਨਾਲ ਦਿੱਤੇ ਜਾਂਦੇ ਹਨ ਜਿਸ ਨਾਲ ਮਜ਼ਬੂਤ ਬੰਦੇ ਆਪਣੀ ਮਜ਼ਬੂਤੀ ਦਾ ਪ੍ਰਗਟਾਵਾ ਕਰਕੇ ਖ਼ੁਸ਼ੀ ਅਨੁਭਵ ਕਰਦੇ ਹਨ ਅਤੇ ਜਿਹੜਾ ਬੰਦਾ ਗ਼ਲਤ ਖੇਡਦਾ ਹੈ—ਓਹ ਹਾਰਦਾ ਹੈ—ਇਸ ਵਿੱਚ ਕਾਹਲੀ ਨਹੀਂ ਹੁੰਦੀ ਪਰ ਇਸ ਵਿੱਚ ਪਛਤਾਵਾ ਵੀ ਨਹੀਂ ਹੁੰਦਾ—ਖ਼ੈਰ! ਵਿੱਦਿਆ ਤੋਂ ਮੇਰਾ ਭਾਵ ਹੈ ਇਸ ਮਹਾਨ ਖੇਡ ਦੇ ਨਿਯਮਾਂ ਨੂੰ ਸਿੱਖਣਾ ।

**ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥**

ਪ੍ਰਭਾਤੀ ਮਹਲਾ ੧ ॥ ਸ੍ਰੀ ਗੁਰੂ ਨਾਨਕ ਦੇਵ ਜੀ (ਅੰਗ ੧੩੨੯)

**"One who by the Guru's grace becometh learned, acquireth honour by diving deep into knowledge." —Guru Nanak in Prabhati**

## ਵਿਦਿਆ ਵੀਚਾਰੀ ਤਾਂ ਪਰਉਪਕਾਰੀ॥

ਆਸਾ ਮਹਲਾ ੧ ॥ ਸ੍ਰੀ ਗੁਰੂ ਨਾਨਕ ਦੇਵ ਜੀ

**"One knoweth the essence of learning if one serveth others." —Guru Nanak in ASA**

## *ਦਿਜਨ ਦੀਜੀਐ ਦਾਨ ਦੁਰਜਨ ਕੋ ਆਂਖ ਦਖਾਈਐ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ

**"Let us serve the learned with gifts but say good-bye to the perverse."**

**Guru Gobind Singh in Bachittar Natak**

**Education has produced a vast population able to read but unable to distinguish what is worth reading. —G.M. Trevelyan**

**The Problem of democracy is not the problem of getting rid of kings. It is the problem of clothing the whole people with the elements of Kingship. To make kings and queens of a hundred million people, that is the problem of American democracy.**

**—E.G. More House**

**In the past, Government was considered to be the privilege of a few. But today it is almost universally recognised to be the responsibility of one and all. Hence education of citizenship is the universal need.**

**"Promote, then, as an object of primary importance, institution for the general distribution of knowledge. —George Washington.**

**—Quoted from the book 'Social Studies and World Citizenship'.**

---

*ਦਿਜਨ—ਵਿਦਵਾਨ



**A Sociological Apporach to Education—by L.J.F. Brimble, B.Sc. F.L.S. Associate of University College, Reading J. May, Headmaster of an Essex County Secondary Boy's School Macmiliam and Co. Ltd. 590.**

**New occasions teach new duties**
**Time makes ancient good uncouth,**
**They must upward still, and onward**
**Who would keep Abreast of truth.**
**Lo! Before us gleam our camp-fires**
**We ourselves must pilgrims be,**
**Nor Attempt the future's portal with**
**The past's blood-rusted key.**

**—Lowell**

## ਅਰਥਾਤ-ਨਵੇਂ ਅਵਸਰ ਨਵੇਂ ਫ਼ਰਜ਼ਾਂ ਦੀ ਸਿੱਖਿਆ ਦਿੰਦੇ ਹਨ ।

ਸਮੇਂ ਨਾਲ ਚੰਗਿਆਈ ਦੇ ਪੁਰਾਣੇ ਮਿਆਰ
ਬੇਢੱਬੇ ਹੋਏ ਦਿਸਦੇ ਹਨ ।

ਉਹ ਬੰਦੇ ਹੀ ਸੱਚ ਦੇ ਨਾਲ ਚਲਦੇ ਹਨ ਜਿਹੜੇ ਹਾਲਾਤ ਤੋਂ ਉੱਤੇ ਉੱਠਣਾ ਤੇ ਅਗਾਂਹ ਵਧਣਾ ਜਾਣਦੇ ਹਨ । ਓਹ ਵੇਖੋ! ਸਾਡੇ ਸਾਹਮਣੇ ਉਸ (ਸਚਾਈ) ਦੇ ਡੇਰਿਆਂ ਦੀ ਅੱਗ ਬਲਦੀ ਦਿਸ ਰਹੀ ਹੈ । ਸਾਨੂੰ ਉਸ ਦੇ ਪਵਿੱਤਰ ਡੇਰਿਆਂ ਦੀ ਯਾਤਰਾ ਕਰਨ ਲਈ ਆਪ ਯਾਤਰੂ ਬਣਨਾ ਚਾਹੀਦਾ ਹੈ । ਸਾਨੂੰ ਆਉਣ ਵਾਲੇ ਸਮੇਂ ਦੀ ਡਿਓਢੀ ਦੇ ਜ਼ਿੰਦਰੇ ਨੂੰ ਉਸ ਚਾਬੀ ਨਾਲ ਖੋਲ੍ਹਣ ਦਾ ਯਤਨ ਨਹੀਂ ਕਰਨਾ ਚਾਹੀਦਾ ਜਿਹੜੀ ਲੰਘ ਚੁੱਕੇ ਜ਼ਮਾਨੇ ਵਿੱਚ ਵਗੇ ਹੋਏ ਲਹੂ ਨਾਲ ਜੰਗਾਲੀ ਗਈ ਹੈ । —ਜੇਮਸ ਰਮਸ ਲੌਵਲ

ਇਹਨਾਂ ਸਤਰਾਂ ਦਾ ਭਾਵ ਕੇਵਲ ਇਹ ਹੈ ਕਿ ਪੁਰਾਣੀਆਂ ਲੀਹਾਂ, ਜੋ ਸਮੇਂ ਨਾਲ ਬੇਲੋੜੀਆਂ ਹੋ ਚੁੱਕੀਆਂ ਹਨ, ਤਿਆਗ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ।

## TWO MOST IMPORTANT DUTIES OF A LOVER OF HIS COUNTRY

**He may zealously exert himself in increasing the knowledge, and improving the moral habits of the people—Two of the most important means by which a conscientious man, in any rank of life, may aid in conferring a high and lasting benefit on his country. And all this will he do, if his patriotism be of the right kind.**

**Book—'Man and His Duties' by J.M. Sime M.A. LLD. Chapter LOVE OF COUNTRY.**

## ਦੇਸ਼ ਨੂੰ ਪਿਆਰ ਕਰਨ ਵਾਲੇ ਬੰਦੇ ਦੇ ਆਪਣੇ ਦੇਸ਼ ਲਈ ਦੋ ਵੱਡੇ ਕਰਤੱਵ

ਉਹ (ਦੇਸ਼ ਭਗਤ) ਬੜੇ ਉਤਸ਼ਾਹ ਨਾਲ ਆਪਣੇ ਦੇਸ਼-ਵਾਸੀਆਂ ਦੇ ਗਿਆਨ ਨੂੰ ਵਧਾਉਣ ਤੇ ਉਨ੍ਹਾਂ ਦੀਆਂ ਸਦਾਚਾਰ ਦੀਆਂ ਆਦਤਾਂ ਨੂੰ ਅੱਗੇ ਨਾਲੋਂ ਚੰਗੀਆਂ ਬਣਾਉਣ ਵਿੱਚ ਆਪਣਾ ਪੂਰਾ ਤਾਣ ਲਾਵੇ: ਇਹ ਦੋਵੇਂ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਉੱਤੇ ਅਮਲ ਕਰਕੇ ਦੇਸ਼ ਦਾ ਹਰ ਇਮਾਨਦਾਰ ਬੰਦਾ, ਭਾਵੇਂ ਉਹ ਕਿਸੇ ਵੀ ਦਰਜੇ ਦਾ ਹੋਵੇ ਆਪਣੇ ਦੇਸ਼ ਨੂੰ ਸਦਾ ਕਾਇਮ ਰਹਿਣ ਵਾਲਾ ਲਾਭ ਪਹੁੰਚਾ ਸਕਦਾ ਹੈ ।

ਉੱਪਰ ਲਿਖੇ ਸ਼ਬਦ ਜੇ.ਐਮ. ਸਾਈਮ ਇਕ ਅੰਗਰੇਜ਼ ਵਿਦਵਾਨ ਦੀ ਪੁਸਤਕ 'ਮਨੁੱਖ ਅਤੇ ਉਸ ਦੇ ਕਰਤੱਵ' ਵਿੱਚੋਂ ਲਏ ਗਏ ਹਨ ।

**If we encounter a man of race intellect, we should ask him what books he reads.—EMERSON**

ਜੇ ਸਾਨੂੰ ਕੋਈ ਗ਼ੈਰ-ਮਾਮੂਲੀ (ਅਸਾਧਾਰਣ) ਅਕਲ ਵਾਲਾ ਮਨੁੱਖ ਮਿਲ ਪਏ ਤਾਂ ਸਾਨੂੰ ਉਸ ਤੋਂ ਪੁੱਛਣਾ ਚਾਹੀਦਾ ਹੈ ਕਿ ਉਹ ਕਿਹੜੀਆਂ ਪੁਸਤਕਾਂ ਨੂੰ ਪੜ੍ਹਦਾ ਹੈ ।

**TO LIVE IS TO THINK.—CICERO**



ਜੋ ਵਿਚਾਰ ਕਰਦਾ ਹੈ ਉਹ ਹੀ ਸਹੀ ਜੀਵਨ ਜਿਉਂਦਾ ਹੈ (ਇਸ ਦੇ ਉਲਟ ਜੋ ਵਿਚਾਰ ਨਹੀਂ ਕਰਦਾ ਉਹ ਸੁਆਸ ਭਾਵੇਂ ਲੈਂਦਾ ਹੈ ਪਰ ਉਸ ਨੂੰ ਜੀਵਨ ਦਾ ਸਹੀ ਰਾਹ ਨਹੀਂ ਆਇਆ)।

**THINKING IS THE HARDEST PROCESS.**

**-THOMAS CARLYLE**

ਵਿਚਾਰ ਕਰਨਾ ਸਭ ਤੋਂ ਕਠਨ ਅਮਲ (ਕਾਰਵਾਈ) ਹੈ ।

**To be more in the first place to know more. Hence the mysterious attraction which regardless of all setbacks and a priori condemnation, has drawn men irresistibly towards science as to the source of life. Stronger than every obstacle and counter-argument is the instinct which tells us that, to be faithful to life, we must know; we must know more and still more; we must tirelessly and unceasingly search for something, we know not what; which will appear in the end to those who have penetrated to the very heart of reality.**

ਮਨੁੱਖ ਦੇ ਵਾਧੇ ਲਈ ਪਹਿਲਾਂ ਇਹ ਜ਼ਰੂਰੀ ਹੈ ਕਿ ਉਹ ਵਧੇਰੇ ਜਾਣੇ, ਇਸੇ ਲਈ ਹੀ ਉਹ ਸਾਰੀਆਂ ਰੁਕਾਵਟਾਂ ਤੇ ਬੋਲ-ਕਬੋਲ ਦੀ ਪਰਵਾਹ ਨਾ ਕਰਦਾ ਹੋਇਆ ਸਾਇੰਸ ਦੇ ਸਹਾਰੇ ਇਹ ਭਾਲ ਕਰਦਾ ਰਹਿੰਦਾ ਹੈ ਕਿ ਜੀਵਨ ਕਿੱਥੋਂ ਤੁਰਿਆ ਹੈ, ਕਿਸ ਲਈ ਤੇ ਕਿਉਂ ਤੁਰਿਆ ਹੈ । ਸਾਡੇ ਅੰਦਰ ਇਕ ਆਪ ਉੱਠਦੀ ਤਾਂਘ ਹੈ ਜੋ ਸਭ ਰੋਕਾਂ ਤੇ ਵਿਰੋਧੀ ਦਲੀਲਾਂ ਤੋਂ ਵਧੇਰੇ ਮਜ਼ਬੂਤ ਹੈ ਤੇ ਸਾਨੂੰ ਇਹ ਕਹਿੰਦੀ ਰਹਿੰਦੀ ਹੈ ਕਿ ਜੀਵਨ ਦੇ ਵਫ਼ਾਦਾਰ ਹੋਣ ਲਈ ਪਹਿਲਾਂ ਜੀਵਨ ਨੂੰ ਸਮਝਣਾ ਤੇ ਹੋਰ ਸਮਝਣਾ ਜ਼ਰੂਰੀ ਹੈ । ਸਾਨੂੰ ਬਿਨਾਂ ਅੱਕਣ ਜਾਂ ਥੱਕਣ ਦੇ ਉਸ ਸੱਚਾਈ ਲਈ, ਜਿਸ ਦਾ ਭਾਵੇਂ ਸਾਨੂੰ ਪਤਾ ਹੀ ਨਹੀਂ ਭਾਲ ਕਰਦੇ ਰਹਿਣਾ ਚਾਹੀਦਾ ਹੈ, ਜੋ ਅੰਤ ਨੂੰ ਉਹਨਾਂ ਮਨੁੱਖਾਂ ਦੇ ਸਾਹਮਣੇ ਆ ਖਲੋਂਦੀ ਹੈ ਜਿਹੜੇ ਉਸ ਸੱਚਾਈ ਦੇ ਦਿਲ ਤਕ ਪੁੱਜ ਜਾਂਦੇ ਹਨ।—Pierre teil hard De Chardin ਦੀ ਪੁਸਤਕ 'ਮਨੁੱਖ ਦਾ ਭਵਿੱਖ' the Future of Man. ਵਿੱਚੋਂ ।

ਮਨੁੱਖ ਦੀ ਜਨਮ ਜ਼ਾਤ ਰੁਚੀ ਹੁੰਦੀ ਹੈ ਕਿ ਜੇ ਇਸ ਨੂੰ ਕੋਈ ਖ਼ਤਰਾ ਆ ਰਿਹਾ ਹੋਵੇ ਅਤੇ ਇਸ ਨੂੰ ਕੋਈ ਸਮਝਾ ਦੇਵੇ ਕਿ ਖ਼ਤਰਾ ਆ ਰਿਹਾ ਹੈ ਅਤੇ ਨਾਲ ਹੀ ਖ਼ਤਰੇ ਤੋਂ ਬਚਣ ਦਾ ਰਾਹ ਭੀ ਦੱਸ ਦੇਵੇ ਅਤੇ ਖ਼ਤਰੇ ਦੀ ਵੰਗਾਰ ਦਾ ਮੁਕਾਬਲਾ ਕਰਨ ਲਈ ਉਸ ਦੀ ਅਗਵਾਈ ਵੀ ਕਰੇ ਤਾਂ ਇਹ ਉਸ ਦੇ ਪਿੱਛੇ ਲੱਗ ਜਾਂਦਾ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਸਾਰੇ ਜਗਤ 'ਤੇ ਘੁੰਮੇ । ਉਹਨਾਂ ਨੇ ਸੰਸਾਰ ਦੇ ਬੰਦਿਆਂ ਨੂੰ ਆਉਣ ਵਾਲੇ ਖ਼ਤਰਿਆਂ ਤੋਂ ਖ਼ਬਰਦਾਰ ਕੀਤਾ । ਉਹਨਾਂ ਨੇ ਆਪ ਤੇ ਉਹਨਾਂ ਤੋਂ ਪਿੱਛੋਂ ਬਾਕੀ ਗੁਰੂ ਸਾਹਿਬਾਨ ਨੇ ਦੁਨੀਆਂ ਦੇ ਬੰਦਿਆਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਵੱਡਮੁੱਲਾ ਰੱਬੀ ਗਿਆਨ ਭੰਡਾਰ ਰਚਿਆ ਭੀ ਤੇ ਇਕੱਤਰ ਭੀ ਕੀਤਾ । ਸਿੱਖ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਨਿਰਾ ਉਪਦੇਸ਼ ਹੀ ਨਹੀਂ ਦਿੱਤਾ, ਉਹਨਾਂ ਨੇ ਜੋ ਕੁਝ ਕਿਹਾ ਉਹ ਕਰ ਕੇ ਵੀ ਵਿਖਾਇਆ । ਸ੍ਰੀ ਗੁਰੂ ਤੇਗ਼ ਬਹਾਦਾਰ ਸਾਹਿਬ ਨੇ ਦੇਸ਼ ਦੀ ਜਨਤਾ ਨੂੰ ਪਹਿਲਾਂ ਅਧਿਆਤਮਿਕ ਤੌਰ 'ਤੇ ਬਲਵਾਨ ਕੀਤਾ ਅਤੇ ਇਸ ਦੇ ਸਹਾਰੇ ਵਿੱਚ ਜੀਵਨ ਦੇ ਸਭ ਖੇਤਰਾਂ ਨੂੰ ਹਰਾ-ਭਰਾ ਕੀਤਾ । ਲੋਕਾਂ ਦੀ ਆਰਥਿਕ ਉੱਨਤੀ ਲਈ ਗੁਰੂ ਸਾਹਿਬ ਨੇ ਬਰਾਨੀ ਜ਼ਮੀਨ ਵਿੱਚ ਖੂਹ ਲਗਾਏ ਤੇ ਉਹਨਾਂ 'ਤੇ ਹਲਟ ਵੀ । ਬੇਘਰਾਂ ਵਾਸਤੇ ਗੁਰੂ ਸਾਹਿਬ ਨੇ ਘਰ ਬਣਵਾਏ, ਗ਼ਰੀਬ ਤੇ ਲੋੜਵੰਦ ਬੰਦਿਆਂ ਲਈ ਆਪਣੀ ਸਮਰੱਥਾ ਅਨੁਸਾਰ ਰਿਹਾਇਸ਼ ਦਾ ਪ੍ਰਬੰਧ ਵੀ ਆਪ ਨੇ ਕੀਤਾ ਤੇ ਗੁਰੂ ਕੇ ਲੰਗਰ ਰਾਹੀਂ ਭੋਜਨ ਦਾ ਪ੍ਰਬੰਧ ਵੀ । ਚੰਗੀ ਨਸਲ ਦੀਆਂ ਗਊਆਂ ਤੇ ਬੈਲ ਪਾਲਣ ਵਾਲਿਆਂ ਦਾ ਹੌਂਸਲਾ ਵਧਾਇਆ । ਜਿੱਥੇ ਦੁੱਧ ਦੀ ਘਾਟ ਸੀ ਉੱਥੇ ਗਊਆਂ ਭਿਜਵਾਈਆਂ, ਬੰਜਰ ਜ਼ਮੀਨਾਂ ਨੂੰ ਉਹਨਾਂ ਨੇ ਖੇਤੀ ਦੇ ਯੋਗ ਬਣਵਾਇਆ, ਰੁੱਖ ਲਗਵਾਏ, ਤਲਾਬ ਬਣਵਾਏ, ਧਰਮਸ਼ਾਲਾਵਾਂ ਬਣਾਈਆਂ ਅਤੇ ਗੁਰਦੁਆਰੇ ਬਣਵਾਏ । ਇਨ੍ਹਾਂ ਸਾਰੇ ਕਾਰਜਾਂ ਲਈ ਮਾਇਆ ਗੁਰੂ ਸਾਹਿਬ ਦੇ ਸਿੱਖ ਤੇ ਸ਼ਰਧਾਲੂ ਖ਼ੁਸ਼ੀ-ਖ਼ੁਸ਼ੀ ਭੇਟ ਕਰਦੇ ਸਨ । ਗੁਰੂ ਸਾਹਿਬ ਨਸ਼ਿਆਂ ਦੇ ਸਖ਼ਤ ਵਿਰੋਧੀ ਸਨ ਤੇ ਖ਼ਾਸ ਤੌਰ 'ਤੇ ਤੰਬਾਕੂ ਦੇ । ਲੋਕ ਉਹਨਾਂ ਦੇ ਉਪਦੇਸ਼ ਨੂੰ ਬੜੇ ਗਹੁ ਨਾਲ ਸੁਣਦੇ ਸਨ । ਆਪ ਨੇ ਚੋਰਾਂ ਤੇ ਡਾਕੂਆਂ ਨੂੰ ਧਰਮ ਦੀ ਕਮਾਈ ਕਰਨ ਵਾਲੇ ਨੇਕ ਬੰਦੇ ਬਣਾਉਣ ਦਾ ਯਤਨ ਕੀਤਾ ਜਿਨ੍ਹਾਂ ਵਿੱਚੋਂ ਅਨੇਕਾਂ ਨੇ ਮਾਰ-ਕੁਟਾਈ ਤੇ ਕਤਲਾਂ ਨਾਲ ਦੂਸਰਿਆਂ ਕੋਲੋਂ ਖੋਹਣ ਤੇ ਚੋਰੀ ਡਾਕੇ ਦੇ ਕਿੱਤੇ ਛੱਡ ਕੇ ਧਰਮ ਦੇ ਰਾਹ ਦੁਆਰਾ ਦਸਾਂ ਨਹੁੰਆਂ ਦੀ ਹੱਕ ਦੀ ਕਮਾਈ ਦੇ ਕਿੱਤੇ ਫੜ ਲਏ ।

ਆਪਣੇ ਹਿਰਦੇ ਦੇ ਜਿਨ੍ਹਾਂ ਗੁਣਾਂ ਨਾਲ ਮਨੁੱਖ ਰੱਬ ਦਾ ਭਗਤ ਬਣ ਕੇ



ਉਸ ਨੂੰ ਔਂਤਰਾ ਹੋਣ ਤੋਂ ਬਚਾਉਂਦਾ ਹੁੰਦਾ ਹੈ, ਉਨ੍ਹਾਂ ਗੁਣਾਂ ਦਾ ਪ੍ਰਚਾਰ ਕਰਨ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਰਚੀ ਤੇ ਉਸ ਬੀੜ ਨੂੰ ਸ੍ਰੀ ਹਰਿਮੰਦਰ ਸਾਹਿਬ ਵਿੱਚ ਸਥਾਪਤ ਕਰ ਕੇ ਉਸ ਨੂੰ ਪੂਜਾ ਵਾਲੀ ਪਦਵੀ ਦਿੱਤੀ, ਤਾਂ ਜੋ ਸੰਸਾਰ ਦੇ ਬੰਦੇ ਇਸ ਮਹਾਨ ਅਸਥਾਨ ਤੋਂ ਆਪਣੇ ਬਚਾਓ ਨੂੰ ਸਨਮੁੱਖ ਰੱਖ ਕੇ ਜੀਵਨ ਜਿਊਣ ਦੀ ਸਹੀ ਜੁਗਤ ਲਈ ਪ੍ਰੇਰਨਾ ਲੈ ਸਕਣ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਅੰਦਰ ਇਕ ਮੰਦਰ ਖੜ੍ਹਾ ਕਰ ਦਿੱਤਾ ਸੀ ਜਿਸ ਵਿੱਚ ਨਾਮ ਬਾਣੀ ਦੇ ਕੀਰਤਨ ਦਾ ਪੱਕਾ ਪ੍ਰਬੰਧ ਵੀ ਕਰ ਦਿੱਤਾ ਸੀ ਤੇ ਇਸ ਤਰ੍ਹਾਂ ਸਰੋਵਰ ਦੇ ਇਸ਼ਨਾਨ ਨੂੰ ਆਤਮ-ਇਸ਼ਨਾਨ ਦੇ ਚਿੰਨ੍ਹ ਦੇ ਤੌਰ 'ਤੇ ਇਉਂ ਪੇਸ਼ ਕਰ ਦਿੱਤਾ ਸੀ :-

**ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ ॥**

(ਅੰਗ ੭੮੧)

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਸ਼ਬਦ ਦਾ ਭਾਵ ਇਹ ਹੈ ਕਿ ਹਰੀ-ਮੰਦਰ ਅੰਦਰ ਨਾਮ ਬਾਣੀ ਦੇ ਪ੍ਰਤਾਪ, ਗੁਰਮੁਖਾਂ ਦੇ ਮੇਲ ਤੇ ਸਾਧ ਸੰਗਤ ਦੇ ਦਰਸ਼ਨ ਨਾਲ ਆਤਮ ਇਸ਼ਨਾਨ ਕੀਤਾ ਜਾਣਾ ਹੈ । ਇਹ ਇਸ਼ਨਾਨ ਨਿਰੀ ਟੁੱਭੀ ਬਿਲਕੁਲ ਨਹੀਂ, ਇਸ ਨੇ ਸਗੋਂ ਆਤਮ ਇਸ਼ਨਾਨ ਦਾ ਸੂਚਕ ਬਣਨਾ ਹੈ । ਇਹ ਮਹਿਮਾ ਇਸ ਲਈ ਨਹੀਂ ਕਿ ਇਸ ਦੀ ਇਮਾਰਤੀ ਵਿਉਂਤ ਸੁੰਦਰ ਹੈ, ਸੰਸਾਰ ਅੰਦਰ ਬੇਅੰਤ ਇਮਾਰਤਾਂ ਹਨ ਜਿਹੜੀਆਂ ਇਸ ਨਾਲੋਂ ਵੱਧ ਸੁੰਦਰ ਹਨ ਪਰ ਇਤਿਹਾਸ ਦੱਸਦਾ ਹੈ ਕਿ ਜਦ ਹਰਿਮੰਦਰ ਸਾਹਿਬ ਤਿਆਰ ਹੋ ਗਿਆ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਖ਼ੁਸ਼ੀ ਤੇ ਸ਼ੁਕਰਾਨੇ ਦੇ ਹੁਲਾਰੇ ਵਿੱਚ ਅੱਥਰੂ ਕੇਰ ਰਹੇ ਸਨ । ਉਹਨਾਂ ਦੇ ਸਾਹਮਣੇ ਉਨ੍ਹਾਂ ਹਜ਼ਾਰਾਂ ਸੇਵਕਾਂ ਦੀ ਤਸਵੀਰ ਆ ਗਈ ਸੀ ਜਿਨ੍ਹਾਂ ਨੇ ਆਪਣਾ ਪਸੀਨਾ ਡੋਲ੍ਹ ਕੇ ਤੇ ਆਪਣਾ ਧਨ ਤੇ ਸਮਾਂ ਖ਼ਰਚ ਕਰਕੇ ਹਰਿਮੰਦਰ ਸਾਹਿਬ ਦੀ ਉਸਾਰੀ ਕੀਤੀ ਸੀ—ਇਸ ਨਾਲ ਅੰਮ੍ਰਿਤਸਰ ਇਕ ਨਿਰਾ ਸ਼ਹਿਰ ਨਹੀਂ ਸੀ ਰਹਿ ਜਾਂਦਾ, ਗੁਰੂ ਸਾਹਿਬ ਦੀ ਦੂਰਦਰਸ਼ੀ ਤੇ ਵਿਸ਼ਾਲ ਨਿਗ੍ਹਾ ਵਿੱਚ ਇਹ ਸਿੱਖ ਸੱਭਿਆਚਾਰ ਦਾ ਕੇਂਦਰ ਬਣ ਰਿਹਾ ਸੀ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੇਠ ਲਿਖਿਆ ਸ਼ਬਦ ਮਨੁੱਖ ਨੂੰ ਖ਼ਬਰਦਾਰ ਕਰਦਾ ਹੈ ਕਿ ਭਾਈ, ਤੂੰ ਜਦ ਆਪਣੇ ਲਈ ਕੋਈ ਕੰਮ ਚੁਣੇ ਤਾਂ ਤੂੰ ਹੇਠ ਲਿਖੇ ਵਿਚਾਰ ਨੂੰ ਆਪਣੇ ਸਾਹਮਣੇ ਰੱਖੀ:-

**ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ ॥**
**ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ ॥** (ਅੰ:੯੬੫)

ਸੰਸਾਰ-ਪ੍ਰਸਿੱਧ ਫ਼ਿਲਾਸਫ਼ਰ ਰੋਮਨ ਰੋਲੈਂਡ ਦਾ ਕਥਨ ਹੈ:-

**Ideas have never conquerred the world as ideas but only by the force they represent. They do not grip men by their intellectual contents, but by the radiant vitality which is given off at certain periods in history... The loftiest and most sublime idea remains ineffective until the day when it becomes contagious, not by its own merits but by the merits of the groups of men in whom it becomes incarnate by the transfusion of their blood. Then the withered plant, the rose of jerico comes suddenly to flower, grows to its full height and fills all the air with its aroma. —R. ROMAN ROLLAND**

ਅਰਥਾਤ ਖ਼ਿਆਲਾਂ ਨੇ ਸੰਸਾਰ ਨੂੰ ਕਦੇ ਭੀ ਨਿਰੇ ਖ਼ਿਆਲਾਂ ਦੀ ਹੈਸੀਅਤ ਵਿੱਚ ਨਹੀਂ ਜਿੱਤਿਆ ਹੈ ਬਲਕਿ ਉਸ ਸ਼ਕਤੀ ਦੀ ਸਹਾਇਤਾ ਨਾਲ ਹੀ ਜਿੱਤਿਆ ਹੈ ਜਿਸ ਦੀ ਪ੍ਰਤੀਨਿਧਤਾ ਇਹ ਕਰਿਆ ਕਰਦੇ ਹਨ । ਇਹ ਲੋਕਾਂ ਨੂੰ ਆਪਣੇ ਅੰਦਰਲੇ ਦਿਮਾਗੀ ਗਿਆਨ ਨਾਲ ਨਹੀਂ ਪਕੜਿਆ ਕਰਦੇ ਬਲਕਿ ਇਹ ਤਾਂ ਉਸ ਉੱਜਲ ਜੀਵਨ ਸ਼ਕਤੀ ਨਾਲ ਹੀ ਜਿੱਤਿਆ ਕਰਦੇ ਹਨ ਜਿਹੜੀ ਇਤਿਹਾਸ ਦੇ ਕਿਸੇ-ਕਿਸੇ ਸਮੇਂ ਨਿਕਲਿਆ ਕਰਦੀ ਹੈ । ਕੋਈ ਵਿਚਾਰ ਭਾਵੇਂ ਕਿੰਨਾ ਉੱਚੇ ਤੋਂ ਉੱਚਾ ਤੇ ਮਹਾਨ ਤੋਂ ਮਹਾਨ ਭੀ ਕਿਉਂ ਨਾ ਹੋਵੇ ਉਹ ਉਦੋਂ ਤਕ ਬੇਅਸਰ ਰਹਿੰਦਾ ਹੁੰਦਾ ਹੈ ਜਦੋਂ ਤਕ ਕਿ ਉਹ ਆਪਣੇ ਅੰਦਰ ਦੂਜਿਆਂ ਨੂੰ ਟੁੰਬਣ ਦੀ ਉਹ ਛੋਹ ਸ਼ਕਤੀ ਨਾ ਧਾਰਨ ਕਰ ਲਵੇ ਜਿਹੜੀ ਸ਼ਕਤੀ ਖ਼ਿਆਲਾਂ ਦੇ ਆਪਣੇ ਅੰਦਰਲੇ ਗਿਆਨ ਤੋਂ ਨਹੀਂ ਬਲਕਿ ਉਹਨਾਂ ਬੰਦਿਆਂ ਦੇ ਲਹੂ ਪਾਉਣ ਨਾਲ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਦੇ ਹਿਰਦਿਆਂ ਅੰਦਰ ਉਹ ਰੂਪਮਾਨ ਹੋ ਜਾਂਦੇ ਹਨ । ਫੇਰ ਉਸ ਸਮੇਂ ਇਕ ਮੁਰਝਾਇਆ ਹੋਇਆ ਗ਼ੁਲਾਬ ਦਾ ਬੂਟਾ ਝੱਟ ਫੁੱਲ ਲੈ ਆਉਂਦਾ ਹੈ ਅਤੇ ਉਸੇ ਵੇਲੇ ਹਵਾ ਨੂੰ ਆਪਣੀ ਸੁਗੰਧੀ ਨਾਲ ਭਰ ਦਿੰਦਾ ਹੈ ।

ਇਸ ਵੇਲੇ ਸੰਨ ੧੯੯੧ ਦੀ ਜਨਵਰੀ ਮਹੀਨੇ ਦੀ ਤਿੰਨ ਤਾਰੀਖ਼ ਨੂੰ ਇਹ ਲੇਖ ਲਿਖਿਆ ਜਾ ਰਿਹਾ ਹੈ । ਇਸ ਸਮੇਂ ਮੈਂ ਆਪਣੀ ਉਮਰ ਦੇ ੮੭ਵੇਂ ਸਾਲ 'ਚੋਂ ਲੰਘ ਰਿਹਾ ਹਾਂ । ਮੈਂ ਆਪਣੀ ਵੀਹ ਸਾਲ ਦੀ ਉਮਰ ਤੋਂ



ਦੇਸ਼ ਤੇ ਦੁਨੀਆਂ ਦੇ ਅਖ਼ਬਾਰਾਂ ਤੇ ਪੁਸਤਕਾਂ ਦਾ ਗਿਆਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਛਤਰ-ਛਾਇਆ ਹੇਠ ਸੰਨ ੧੯੨੪ ਤੋਂ ਸੰਨ ੧੯੪੭ ਤਕ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਛਤਰ-ਛਾਇਆ ਹੇਠ ਸੰਨ ੧੯੪੭ ਤੋਂ ਹੁਣ ਸੰਨ ੧੯੯੧ ਦੇ ਅੱਜ ਤਕ ਪ੍ਰਾਪਤ ਕਰਦਾ ਆ ਰਿਹਾ ਹਾਂ। ਭਾਈ ਗੁਰਦਾਸ ਜੀ ਦਾ ਵਾਕ—

**ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ ।**

ਸੁਣਦਾ ਰਿਹਾ ਹਾਂ । ਅਸੀਂ ਸ੍ਰੀ ਦਰਬਾਰ ਸਾਹਿਬ ਦੇ ਵਲਗਣ ਅੰਦਰ ਦੋ ਥਾਵਾਂ 'ਤੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੀ ਮੁਫ਼ਤ ਵੰਡਾਈ ਦੇ ਅੱਡੇ ਕਾਇਮ ਕਰ ਦਿੱਤੇ ਹਨ । ਇਹ ਇਸ਼ਤਿਹਾਰ ਤੇ ਕਿਤਾਬਚੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਤਿੰਨ ਜ਼ਬਾਨਾਂ ਵਿੱਚ ਵੰਡੇ ਜਾ ਰਹੇ ਹਨ । ਇਕ ਅੱਡਾ ਘੰਟਾ ਘਰ ਦੀ ਡਿਓਢੀ ਦੇ ਜੋੜਾ ਘਰ ਦੇ ਸਾਹਮਣੇ ਦੀ ਵਲਗਣ ਵਿੱਚ ਹੈ ਤੇ ਇਕ ਮੰਜੀ ਸਾਹਿਬ ਦੇ ਜੋੜਾ ਘਰ ਅੱਗੇ । ਸੰਗਤਾਂ ਅੱਗੇ ਬੇਨਤੀ ਹੈ ਕਿ ਉਹ ਆਪਣੇ ਘਰਾਂ ਵਿੱਚ ਗੋਲਕਾਂ ਰੱਖਣ ਅਤੇ ਉਹਨਾਂ ਵਿੱਚ ਆਪਣੇ ਬੱਚਿਆਂ ਪਾਸੋਂ ਪੰਜੀ ਦਸੀ ਹਰ ਰੋਜ਼ ਦਾਨ ਪੁਆਉਣ ਤਾਂ ਜੋ ਸਾਨੂੰ ਇਸ ਕਾਰਜ ਲਈ ਹਰ ਘਰ ਤੋਂ ਮਾਇਆ ਦੀ ਸਹਾਇਤਾ ਮਿਲ ਸਕੇ ।

ਸ੍ਰੀ ਦਰਬਾਰ ਸਾਹਿਬ ਸੰਸਾਰ ਰੂਪੀ ਸਮੁੰਦਰ ਦਾ ਚਾਨਣ-ਮੁਨਾਰਾ ਹੈ । ਸ੍ਰੀ ਦਰਬਾਰ ਸਾਹਿਬ ਭਾਵੇਂ ਆਪਣੀ ਸੁੰਦਰਤਾ, ਵਿਲੱਖਣਤਾ ਤੇ ਇਮਾਰਤੀ ਕਲਾ ਦੇ ਦ੍ਰਿਸ਼ਟੀਕੋਣ ਤੋਂ ਦੁਨੀਆਂ ਦੀ ਇਕ ਮਹਾਨ ਇਮਾਰਤ ਹੈ ਪਰ ਇਸ ਦੀ ਯਾਤਰਾ ਨੂੰ ਆਉਣ ਦਾ ਮਨੋਰਥ ਇਸ ਦੀ ਸੁੰਦਰਤਾ ਨੂੰ ਦੇਖਣਾ ਨਹੀਂ ਬਲਕਿ ਇਸ ਵਿੱਚ ਗੁਰੂ ਰੂਪ ਵਿੱਚ ਸਥਾਪਤ ਹੋਏ ਮਹਾਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੇ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਤਿਹਾਸ ਤੋਂ ਜਾਣੂ ਹੋਣਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਤੇ ਸਿੱਖ-ਪੰਥ ਦੇ ਸਾਰੇ ਇਤਿਹਾਸ ਨੂੰ ਜਾਣਨ ਦਾ ਸੁਭਾਗ ਤਾਂ ਪ੍ਰਿੰਸੀਪਲ ਜੋਧ ਸਿੰਘ ਜੈਸੇ ਕਿਸੇ ਵਿਰਲੇ ਬੰਦੇ ਨੂੰ ਹੀ ਪ੍ਰਾਪਤ ਹੋ ਸਕਦਾ ਹੈ; ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉੱਘੇ ਸ਼ਬਦ, ਭਾਈ ਗੁਰਦਾਸ ਦੇ ਉੱਘੇ ਵਾਕ ਤੇ ਗੁਰੂ ਘਰ ਦੀਆਂ ਕੁਝ ਉੱਘੀਆਂ ਸਾਖੀਆਂ ਅਜਿਹੀਆਂ ਹਨ ਜਿਨ੍ਹਾਂ ਦਾ ਗਿਆਨ ਹਰ ਸਿੱਖ ਨੂੰ ਹੋਣਾ ਜ਼ਰੂਰੀ ਹੈ । ਏਹੋ ਸ੍ਰੀ ਦਰਬਾਰ ਸਾਹਿਬ ਨੂੰ ਆਉਣ ਦਾ ਮਨੋਰਥ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੇਕਾਂ ਸ਼ਬਦਾਂ, ਗੁਰਬਾਣੀ ਦੇ ਤੱਤਾਂ ਨੂੰ ਬਿਆਨ ਕਰਨ ਵਾਲੇ ਭਾਈ ਗੁਰਦਾਸ ਜੀ ਦੇ ਵਾਕਾਂ ਤੇ

ਗੁਰੂ ਘਰ ਦੇ ਇਤਿਹਾਸ ਦੀਆਂ ਉੱਘੀਆਂ ਕਹਾਣੀਆਂ ਨੂੰ ਜਾਣਨ ਲਈ ਕਈ ਸਾਲਾਂ ਦੇ ਸਮੇਂ ਦੀ ਲੋੜ ਹੁੰਦੀ ਹੈ । ਅਜਿਹਾ ਸੁਭਾਗ ਕਿਸੇ ਵਿਰਲੇ ਬੰਦੇ ਨੂੰ ਹੀ ਪ੍ਰਾਪਤ ਹੋ ਸਕਦਾ ਹੈ ।

ਮੇਰੇ ਉੱਤੇ ਵਾਹਿਗੁਰੂ ਦੀ ਕ੍ਰਿਪਾ ਹੋਈ ਕਿ ਮੈਨੂੰ ਸੰਨ ੧੯੨੪ ਤੋਂ ਲੈ ਕੇ ਸੰਨ ੧੯੪੭ ਤਕ ੨੪ ਸਾਲਾਂ ਦਾ ਸਮਾਂ ਗੁਰਦੁਆਰਾ ਡੇਹਰਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਦੀ ਛਤਰ-ਛਾਇਆ ਹੇਠ ਰਹਿ ਕੇ, ਪ੍ਰਾਣੀ-ਮਾਤਰ ਦੀ ਅਨੇਕ ਪ੍ਰਕਾਰ ਦੀ ਸੇਵਾ ਕਰਨ ਦਾ ਅਵਸਰ ਮਿਲਿਆ ਸੀ । ਮੈਂ ਬਹੁਤ ਸਾਲ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੇ ਮਹਾਨ ਅਸਥਾਨ ਦੇ ਬਰਾਂਡੇ ’ਚ ਸੌਂਦਾ ਰਿਹਾ ਸਾਂ, ਜਿਨ੍ਹਾਂ ਥਾਵਾਂ ’ਤੇ ਹਰ ਵੇਲੇ ਮੇਰੇ ਕੰਨਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦੀ ਆਵਾਜ਼ ਪੈਂਦੀ ਰਹਿੰਦੀ ਸੀ । ਬੜੇ ਬੜੇ ਕਥਾ-ਵਾਚਕ ਉਸ ਗੁਰਦੁਆਰੇ ’ਚ ਕਥਾ ਕਰਨ ਆਇਆ ਕਰਦੇ ਸਨ । ਗੁਰਦੁਆਰਾ ਡੇਹਰਾ ਸਾਹਿਬ ਦੇ ਮਹੰਤ ਸਾਹਿਬ ਭਾਈ ਸਾਹਿਬ ਭਾਈ ਤੇਜਾ ਸਿੰਘ ਜੀ ਤਿਆਰ-ਬਰ-ਤਿਆਰ ਗੁਰਸਿੱਖ ਸਨ । ਉਹ ਬੜੀ ਲਗਨ ਨਾਲ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਦੇ ਸਨ । ਸਾਂਸ-ਸਾਂਸ ਸਿਮਰਨ ਕਰਦੇ ਸਨ । ਜਥੇਦਾਰ ਅੱਛਰ ਸਿੰਘ ਮੁੱਖ-ਗ੍ਰੰਥੀ, ਭਾਈ ਸਾਹਿਬ ਕਿਸ਼ਨ ਸਿੰਘ ਮੁੱਖ-ਗ੍ਰੰਥੀ ਸਾਰਿਆਂ ਨੂੰ ਗੁਰਬਾਣੀ ਨਾਲ ਪਿਆਰ ਸੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚੋਣਵੇਂ ਸ਼ਬਦ ਆਮ ਗੱਲਬਾਤ ਵਿੱਚ ਉਹਨਾਂ ਦੇ ਮੂੰਹਾਂ ’ਚੋਂ ਨਿਕਲਿਆ ਕਰਦੇ ਸਨ । ਕਥਾ ਕਰਨ ਵਾਲੇ ਕਥਾ-ਵਾਚਕ ਮਹੰਤ ਸਾਹਿਬਾਨ ਤੇ ਗ੍ਰੰਥੀ ਸਾਹਿਬਾਨ ਗੁਰੂ ਘਰ ਦੀਆਂ ਅਨੇਕਾਂ ਸਾਖੀਆਂ ਸੁਣਾਇਆ ਕਰਦੇ ਸਨ । ਇਸ ਤਰ੍ਹਾਂ ਮੈਨੂੰ ਗੁਰੂ ਘਰ ਦੇ ਅਨੇਕਾਂ ਸ਼ਬਦ ਯਾਦ ਹੁੰਦੇ ਗਏ ਤੇ ਗੁਰੂ ਘਰ ਦੀਆਂ ਅਨੇਕਾਂ ਸਾਖੀਆਂ ਯਾਦ ਹੁੰਦੀਆਂ ਗਈਆਂ । ਆਸਾ ਦੀ ਵਾਰ ਦਾ ਕੀਰਤਨ ਹਰ ਰੋਜ਼ ਮੇਰੇ ਕੰਨਾਂ ਵਿੱਚ ਪੈਂਦਾ ਹੁੰਦਾ ਸੀ । ਜਦ ਪ੍ਰਕਾਸ਼ ਅਸਥਾਨ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੇ ਮਹਾਨ ਅਸਥਾਨ ਦੋਹਾਂ ਥਾਵਾਂ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਸਥਾਪਨ ਹੋ ਜਾਂਦਾ ਸੀ ਤਾਂ ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੇਠ ਲਿਖਿਆ ਸ਼ਬਦ ਗਾਉਂਦੀ ਹੁੰਦੀ ਸੀ—

**ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ੀ ਸਿਞਾਤਾ ਸਾਈ ॥**
**ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਾ ਕਾਰਿ ਨ ਆਈ॥੧॥**



**ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ ॥**
**ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ ॥੨॥**

(ਅੰਗ ੧੪੨੪)

ਵਾਹਿਗੁਰੂ ਦੇ ਰੰਗ ਵਿੱਚ ਉਹ ਬੰਦੇ ਰੰਗੇ ਜਾ ਸਕਦੇ ਹਨ ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੇ ਧਰਮ ਗ੍ਰੰਥਾਂ ਦੀ ਬਾਣੀ ਨੂੰ ਪੜ੍ਹ ਸੁਣ ਕੇ ਵਾਹਿਗੁਰੂ ਦੀ ਰਜ਼ਾ ਅਨੁਸਾਰ ਜੀਵਨ ਬਤੀਤ ਕਰਨ ਦਾ ਗਿਆਨ ਪ੍ਰਾਪਤ ਕਰ ਲੈਂਦੇ ਹਨ ਤੇ ਉਸ ਗਿਆਨ ਅਨੁਸਾਰ ਆਪਣੇ ਕਰਤੱਵਾਂ ਦੀ ਪੂਰਤੀ ਕਰਨ ਸਮੇਂ ਇਹ ਦੇਖ ਕੇ ਥਿੜਕਦੇ ਨਹੀਂ ਹੁੰਦੇ । ਜੇ ਉਹ ਕਰਤੱਵ ਔਕੜ ਲਿਆਉਣ ਵਾਲੇ ਹੋਣ, ਕਠਿਨ ਘਾਲਾਂ ਕਰਾਉਣ ਵਾਲੇ ਹੋਣ, ਮੁਸੀਬਤਾਂ ਲਿਆਉਣ ਵਾਲੇ ਹੋਣ, ਕੁਰਬਾਨੀਆਂ ਕਰਾਉਣ ਵਾਲੇ ਹੋਣ, ਉਹ ਉਨ੍ਹਾਂ ਕਰਤੱਵਾਂ ਨੂੰ ਹਰ ਹਾਲਤ ਵਿੱਚ ਪੂਰਾ ਕਰਦੇ ਹੁੰਦੇ ਹਨ । ਉਹ ਸੁੱਖਾਂ ਵਿੱਚ ਵਾਧਾ ਕਰਨ ਵਾਲੀਆਂ ਵਸਤਾਂ ਤੇ ਵਡੱਪਣ ਦਾ ਪ੍ਰਗਟਾਵਾ ਕਰਨ ਵਾਲੀਆਂ ਵਸਤਾਂ ਨੂੰ ਨਾ ਲੋਚਿਆ ਕਰਦੇ ਹਨ ਤੇ ਨਾ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਵਾਹਿਗੁਰੂ ਦੀ ਰਜ਼ਾ ਵਾਲਾ ਜੀਵਨ-ਰਾਹ ਛੱਡ ਕੇ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਖੋਟੇ ਢੰਗਾਂ ਨਾਲ ਰੁਪਿਆ ਕਮਾਇਆ ਕਰਦੇ ਹਨ । ਜਦ ਉਨ੍ਹਾਂ ਨੂੰ ਵਾਹਿਗੁਰੂ ਦੇ ਸਚਿਆਈ, ਨਿਆਂ, ਦਇਆ ਤੇ ਸੰਤੋਖ ਵਾਲੇ ਗਿਆਨ ਦਾ ਪਤਾ ਲੱਗ ਜਾਂਦਾ ਹੈ, ਉਸ ਵੇਲੇ ਉਹ ਜੇ ਵੇਖਣ ਕਿ ਘਰ ਵਿੱਚ ਕੋਈ ਚੀਜ਼ ਮਕਾਨ, ਗਲੀਚੇ, ਕਾਰਾਂ ਤੇ ਹੋਰ ਵੱਡੀਆਂ ਚੀਜ਼ਾਂ ਰਿਸ਼ਵਤ ਲੈਣ ਨਾਲ ਜਾਂ ਕਿਸੇ ਹੋਰ ਖੋਟੇ ਢੰਗ ਨਾਲ ਆਈਆਂ ਹਨ ਜਾਂ ਮਾਂ-ਬਾਪ ਖੋਟੇ ਢੰਗਾਂ ਨਾਲ ਧਨ ਕਮਾ ਕੇ, ਬਣਾ ਕੇ ਛੱਡ ਗਏ ਹਨ ਤਾਂ ਉਨ੍ਹਾਂ ਚੀਜ਼ਾਂ ਨੂੰ ਉਹ ਸਾੜੀਆਂ ਜਾਣ ਵਾਲੀਆਂ ਚੀਜ਼ਾਂ ਸਮਝਣ ਲੱਗ ਪੈਂਦੇ ਹਨ । ਉਨ੍ਹਾਂ ਨੂੰ ਰੱਬ ਲੇਖੇ ਲੋੜਵੰਦਾਂ ਨੂੰ ਰੱਬ ਦੇ ਨਾਮ ’ਤੇ ਵੰਡਣ ਲੱਗ ਪੈਂਦੇ ਹਨ । ਰੱਬ ਦੀ ਰਜ਼ਾ ਅਨੁਸਾਰ ਜੇਕਰ ਉਹਨਾਂ ਨੂੰ ਗ਼ਰੀਬਾਂ ਵਾਂਗ ਹੱਥਾਂ ਨਾਲ ਕੀਤੇ ਜਾਣ ਵਾਲੇ ਕੰਮਾਂ ਨੂੰ ਕਰਨਾ ਪੈ ਜਾਵੇ ਤਾਂ ਉਹ ਅਜਿਹਾ ਕਰਨ ਨੂੰ ਆਪਣੇ ਧੰਨਭਾਗ ਗਿਣਿਆਂ ਕਰਦੇ ਹਨ । ਦੁਨੀਆਂ ਦੇ ਅਣਗਿਣਤ ਕੰਮ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਗ਼ਰੀਬ ਬੰਦੇ ਕਰਿਆ ਕਰਦੇ ਹਨ । ਜੇ ਉਹ ਕੰਮ ਕੀਤੇ ਨਾ ਜਾਣ ਤਾਂ ਦੁਨੀਆਂ ਵਸਦੀ ਨਹੀਂ ਰਹਿ ਸਕਦੀ । ਹੇਠਾਂ ਮੈਂ ਇਕ ਜੀਵਨ ਦਾਨੀ ਨਿਹੰਗ ਸਿੰਘ ਦੀ ਕਹਾਣੀ ਬਿਆਨ ਕਰਦਾ ਹਾਂ—ਉਸ ਨਿਹੰਗ ਸਿੰਘ ਨੇ ਪੂਰੀ ਗ਼ਰੀਬੀ ਵਿੱਚ ਦੁਰਮਟ ਗੈਂਤੀ ਨਾਲ ਸੜਕ ਪੁੱਟਣ ਤੇ ਕੁੱਟਣ ਅਤੇ ਭੁੱਖ ਪਿਆਸ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਜੀਵਨ ਦਾ ਬਹੁਤ ਸਮਾਂ

ਮਜ਼ਦੂਰਾਂ ਵਾਂਗ ਬਿਤਾਇਆ । ਗਰਦ ਸੜਕਾਂ ’ਤੇ ਹੀ ਉੱਡਿਆ ਕਰਦੀ ਹੈ ਜਿਨ੍ਹਾਂ ਦੇ ਉੱਤੋਂ ਦੀ ਭੱਜੇ ਜਾਂਦੇ ਵਾਹਣ ਲੰਘਿਆ ਕਰਦੇ ਹਨ । ਨਿਹੰਗ ਸਿੰਘ ਸਾਰਾ ਦਿਨ ਉਸ ਧੂੜ ਵਿੱਚ ਰਿਹਾ ਕਰਦਾ ਸੀ । ਉਸ ਨੂੰ ਜਨਤਾ ਪਾਸੋਂ ਜੋ ਸਨਮਾਨ ਮਿਲਿਆ ਉਸ ਦੀ ਕੋਈ ਮਿਸਾਲ ਨਹੀਂ ਮਿਲ ਸਕਦੀ । ਉਸ ਦੇ ਜੀਵਨ ਦੀਆਂ ਕਹਾਣੀਆਂ ਸ੍ਰੀ ਦਰਬਾਰ ਸਾਹਿਬ ਸਮੇਤ ਸਿੱਖ ਗੁਰਦੁਆਰਿਆਂ ਦੇ ਵਲਗਣਾਂ ਅੰਦਰ ਬੋਰਡਾਂ ਉੱਤੇ ਲਿਖੀਆਂ ਹੋਈਆਂ ਸੰਗਤਾਂ ਵੱਲੋਂ ਪੜ੍ਹੀਆਂ ਜਾ ਰਹੀਆਂ ਅਤੇ ਸਲਾਹੀਆਂ ਜਾ ਰਹੀਆਂ ਹਨ । ਬੰਦਾ ਚਾਹੁੰਦਾ ਹੈ ਕਿ ਉਸ ਦੇ ਮਰਨ ਪਿੱਛੋਂ ਉਸ ਨੂੰ ਲੋਕੀਂ ਯਾਦ ਕਰਨ । ਇਸ ਲਈ ਉਹ ਸਕੂਲਾਂ, ਹਸਪਤਾਲਾਂ ਦੀਆਂ ਇਮਾਰਤਾਂ ਬਣਾ ਜਾਂਦਾ ਹੈ । ਪਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬੂਹੇ ਵਿੱਚ ਦੁਨੀਆਂ ਦੇ ਕੋਨੇ-ਕੋਨੇ ਤੋਂ ਆਉਣ ਵਾਲੀਆਂ ਸੰਗਤਾਂ ਤੋਂ ਮਾਣ ਪ੍ਰਾਪਤ ਕਰਨ ਦਾ ਅਧਿਕਾਰ ਸੜਕਾਂ ਦੇ ਕੰਢਿਆਂ ’ਤੇ ਟੱਪਰੀਵਾਸਾਂ ਵਾਲਾ ਜੀਵਨ ਬਤੀਤ ਕਰਨ ਵਾਲੇ ਗੁੰਮਨਾਮ ਨਿਹੰਗ ਸਿੰਘ ਨੂੰ ਹੀ ਪ੍ਰਾਪਤ ਹੋਇਆ ।

ਇਕ ਜੀਵਨ-ਦਾਨੀ ਨਿਹੰਗ ਸਿੰਘ ਦੀ ਸਾਖੀ ਨੂੰ ਮੈਂ ਸੰਨ ੧੯੨੫ ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪ੍ਰਕਰਮਾ ਵਿੱਚ ਤੁਰੇ ਜਾਂਦੇ ਦੋ ਬੰਦਿਆਂ ਦੇ ਪਿੱਛੇ-ਪਿੱਛੇ ਤੁਰੇ ਜਾਂਦੇ ਨੇ ਸੁਣਿਆ ਹੋਵੇਗਾ । ਇਸ ਸਾਖੀ ਨੇ ਮੇਰੇ ਜੀਵਨ ਨੂੰ ਸੇਵਾ ਦੇ ਸੱਚੇ ਵਿੱਚ ਢਾਲਣ ਲਈ ਬਹੁਤ ਵੱਡਾ ਕੰਮ ਕੀਤਾ ਹੈ । ਮੈਂ ਚਾਹੁੰਦਾ ਹਾਂ ਕਿ ਸ੍ਰੀ ਦਰਬਾਰ ਸਾਹਿਬ ਨੂੰ ਆਉਣ ਵਾਲੇ ਹਰ ਯਾਤਰੂ ਨੂੰ ਇਸ ਸਾਖੀ ਦਾ ਪਤਾ ਲੱਗ ਸਕੇ । ਇਸ ਸਾਖੀ ਨੂੰ ਮੈਂ ਬੋਰਡਾਂ ’ਤੇ ਲਿਖ ਕੇ ਸ੍ਰੀ ਦਰਬਾਰ ਸਾਹਿਬ ਤੇ ਹੋਰ ਗੁਰਦੁਆਰਿਆਂ ਵਿੱਚ ਲਾਉਣਾ ਚਾਹੁੰਦਾ ਹਾਂ ।

ਜਿਹੜੇ ਬੰਦੇ ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਨੂੰ ਦੇਸ਼ ਤੇ ਦੁਨੀਆਂ ਦੇ ਕੋਨੇ-ਕੋਨੇ ਤੋਂ ਆਉਂਦੇ ਹਨ, ਉਹਨਾਂ ਵਿੱਚੋਂ ਅਨੇਕਾਂ ਯਾਤਰੂ ਅਜਿਹੇ ਹੁੰਦੇ ਹਨ ਜਿਨ੍ਹਾਂ ਨੇ ਮੱਥਾ ਟੇਕ ਕੇ ਤੁਰੰਤ ਪਿੱਛੇ ਮੁੜ ਜਾਣਾ ਹੁੰਦਾ ਹੈ, ਭਾਵੇਂ ਕੋਈ ਯਾਤਰੂ ਅਮਰੀਕਾ ਦੇਸ਼ ਤੋਂ ਵੀ ਕਿਉਂ ਨਾ ਆਇਆ ਹੋਵੇ । ਇਸ ਲਈ ਇਹ ਜ਼ਰੂਰੀ ਬਣਦਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉੱਘੇ ਸ਼ਬਦਾਂ, ਭਾਈ ਗੁਰਦਾਸ ਜੀ ਦੇ ਉੱਘੇ ਵਾਕਾਂ ਤੇ ਗੁਰੂ ਘਰ ਦੀਆਂ ਉੱਘੀਆਂ ਸਾਖੀਆਂ, ਸਾਰੇ ਇਕ ਕਿਤਾਬਚੇ ਦੇ ਰੂਪ ਵਿੱਚ ਛਾਪੇ ਜਾਂਦੇ ਤੇ ਉਹਨਾਂ ਨੂੰ ਹਰ ਯਾਤਰੂ ਨੂੰ ਮੁਫ਼ਤ ਵੰਡਿਆ ਜਾਂਦਾ । ਇਹ ਅਮੋਲਕ ਗਿਆਨ ਵੀ ਸ੍ਰੀ ਦਰਬਾਰ ਸਾਹਿਬ ਤੋਂ ਮਿਲਣ ਵਾਲੇ ਪ੍ਰਸ਼ਾਦਿ ਦਾ ਇਕ ਜ਼ਰੂਰੀ ਹਿੱਸਾ ਬਣਨਾ ਚਾਹੀਦਾ ਸੀ ।



ਸਿੱਖ-ਪੰਥ ਦੇ ਵਿਦਵਾਨਾਂ ਦਾ ਇਹ ਕਰਤੱਵ ਬਣਦਾ ਸੀ ਕਿ ਉਹ ਇਸ ਗੱਲ ਨੂੰ ਸੋਚਦੇ ਕਿ ਜਿਹੜੇ ਗੁਰੂ ਘਰ ਦੇ ਸ਼ਰਧਾਲੂ ਹਜ਼ਾਰਾਂ ਮੀਲਾਂ ਦਾ ਹਵਾਈ ਜਹਾਜ਼ ਦਾ ਮੌਤ ਦੇ ਭਾਰੇ ਖ਼ਤਰਿਆਂ ਭਰਿਆ ਤੇ ਭਾਰੇ ਖ਼ਰਚਾਂ ਵਾਲੇ ਸਫ਼ਰ ਦੀਆਂ ਖੇਚਲਾਂ ਝੱਲਦੇ ਹੋਏ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਉਂਦੇ ਹਨ ਉਹ ਏਥੋਂ ਖ਼ਾਲੀ ਹੱਥੀਂ ਨਾ ਮੁੜ ਜਾਣ, ਜਿਸ ਤਰ੍ਹਾਂ ਉਹ ਦੇਸ਼ ਦੇ ਦੂਸਰੇ ਇਤਿਹਾਸਿਕ ਸਥਾਨਾਂ—ਲਾਲ ਕਿਲ੍ਹਾ ਦਿੱਲੀ ਤੇ ਤਾਜ ਮਹੱਲ ਆਗਰਾ ਤੋਂ ਨਜ਼ਰ ਮਾਰ ਕੇ ਮੁੜ ਜਾਂਦੇ ਹਨ । ਜੇ ਛਾਪੇਖ਼ਾਨੇ ਦਾ ਯੁੱਗ ਨਾ ਹੁੰਦਾ ਤਾਂ ਉਹ ਖ਼ਾਲੀ ਹੱਥੀਂ ਮੁੜ ਸਕਦੇ ਸਨ; ਪਰ ਜਦ ਹੁਣ ਛਾਪਾਖ਼ਾਨਾ ਬਣ ਚੁੱਕਿਆ ਹੈ ਤਾਂ ਫਿਰ ਸੰਗਤਾਂ ਨੂੰ ਕਿਉਂ ਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉੱਪਰ ਲਿਖੇ ਸ਼ਬਦ ਜੈਸੇ ਸ਼ਬਦ ਤੇ ਨਿਹੰਗ ਸਿੰਘ ਦੇ ਜੀਵਨ ਜੈਸੀਆਂ ਕਹਾਣੀਆਂ ਛਾਪ ਕੇ ਵੰਡੀਆਂ ਜਾਣ, ਤਾਂ ਕਿ ਲੋਕਾਂ ਨੂੰ ਸਿੱਧੇ ਰਸਤੇ ’ਤੇ ਪਾਇਆ ਜਾ ਸਕੇ ਤੇ ਅਨੇਕਾਂ ਤਬਾਹੀਆਂ ਨੂੰ ਪੈਦਾ ਕਰਨ ਵਾਲੇ ਰਾਹ ’ਤੇ ਤੁਰਨ ਤੋਂ ਹਟਾਇਆ ਜਾ ਸਕੇ । ਮੈਂ ਸੰਨ ੧੯੨੪ ਦੀ ਆਪਣੀ ਵੀਹ ਸਾਲ ਦੀ ਉਮਰ ਵਿੱਚ ਆਪਣਾ ਜੀਵਨ ਗੁਰਦੁਆਰਾ ਡੇਹਰਾ ਸਾਹਿਬ ਦੀ ਛਤਰ-ਛਾਇਆ ਹੇਠ ਦੇਸ਼ ਤੇ ਪ੍ਰਾਣੀ-ਮਾਤਰ ਦੀ ਸੇਵਾ ਲਈ ਅਰਪਣ ਕਰ ਦਿੱਤਾ ਸੀ । ਇਹ ਲੇਖ ਜਨਵਰੀ ੧੯੯੧ ਦੀ ਤਿੰਨ ਤਾਰੀਖ਼ ਵਾਲੇ ਦਿਨ ਲਿਖਿਆ ਜਾ ਰਿਹਾ ਹੈ । ਇਸ ਤਰ੍ਹਾਂ ਮੇਰੀ ਉਮਰ ਦਾ ੬੨ ਸਾਲਾਂ ਦਾ ਸਮਾਂ ਸੇਵਾ ਵਿੱਚ ਗੁਜ਼ਰਿਆ ਹੈ । ਇਸ ਸਮੇਂ ਵਿੱਚ ਮੈਂ ਕੋਈ ਤਨਖ਼ਾਹ ਨਹੀਂ ਲਈ । ਗੁਰਦੁਆਰਿਆਂ ਦੇ ਪ੍ਰਸ਼ਾਦਿਆਂ ਨਾਲ ਹੀ ਜੀਵਨ ਬਤੀਤ ਕੀਤਾ । ਸੰਨ ੧੯੪੭ ਦੀ ਦੇਸ਼ ਦੀ ਵੰਡ ਪਿੱਛੋਂ ਮੈਨੂੰ ਡੇਢ ਸਾਲ ਦਾ ਸਮਾਂ ਸੜਕਾਂ ਦੇ ਕੰਢਿਆਂ ’ਤੇ ਲੂਲ੍ਹੇ ਬੱਚਿਆਂ, ਅਪਾਹਿਜਾਂ ਤੇ ਰੋਗੀਆਂ ਨੂੰ ਸੰਭਾਲਣਾ ਪਿਆ ਸੀ । ਇਸ ਸਮੇਂ ਵਿੱਚ ਭੁੱਖਾਂ ਪਿਆਸਾਂ ਕੱਟਦਿਆਂ ਤੇ ਹਨੇਰੀਆਂ ਝੱਖੜਾਂ ਵਿੱਚ ਦਿਨ ਕੱਟਦੇ ਦਾ ਮੇਰਾ ਜੀਵਨ ਗੁਜ਼ਰਦਾ ਰਿਹਾ । ਇਹ ਕਹਾਣੀ ਸੀ ਜਿਸ ਨੇ ਮੈਨੂੰ ਸੇਵਾ ਦੇ ਇਸ ਮਾਰਗ ’ਤੇ ਤੁਰੇ ਜਾਂਦੇ ਨੂੰ ਭੁੱਖਾਂ ਪਿਆਸਾਂ ਤੇ ਹੋਰ ਅਨੇਕਾਂ ਕਠਿਨਾਈਆਂ ਦੇ ਕਾਰਨ ਵੀ ਡੋਲਣ ਨਾ ਦਿੱਤਾ । ਦੂਜੀ ਗੱਲ, ਜਿਸ ਨੇ ਮੈਨੂੰ ਅਡੋਲ ਰੱਖਿਆ, ਉਹ ਰਾਜਾ ਜਨਕ ਦੀ ਕਹਾਣੀ ਸੀ । ਰਾਜਾ ਜਨਕ ਹਰ ਵੇਲੇ ਕਿਸੇ ਨਾ ਕਿਸੇ ਕੰਮ ਵਿੱਚ ਰੁੱਝਿਆ ਰਹਿੰਦਾ ਸੀ । ਪਰ ਆਪਣਾ ਉਹ ਕੰਮ ਕੋਈ ਨਹੀਂ ਕਰਦਾ ਹੁੰਦਾ ਸੀ, ਲੋਕਾਂ ਦੇ ਭਲੇ ਦੇ ਕੰਮਾਂ ਵਿੱਚ ਲੱਗਿਆ ਰਹਿੰਦਾ ਸੀ । ਨਿਹੰਗ ਸਿੰਘ ਦੀ ਕਹਾਣੀ ਮੈਂ ੨੧ ਸਾਲ ਦੀ ਉਮਰ ਵਿੱਚ ਸੁਣੀ ਸੀ । ਉੱਨੀ

ਸਾਲ ਦੀ ਉਮਰ ਤਕ ਮੈਂ ਹਿੰਦੂ ਲੜਕਾ ਸਾਂ ਤੇ ਮੇਰਾ ਨਾਮ ਰਾਮਜੀ ਦਾਸ ਸੀ। ਜਦ ਮੈਂ ਆਪਣੀ ਮਾਂ ਦੇ ਪੇਟ ਵਿੱਚ ਸਾਂ ਤਾਂ ਮੇਰੀ ਮਾਂ ਤੇ ਮੇਰਾ ਬਾਪ ਇਕ ਵਾਰ ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਨੂੰ ਆਏ ਸਨ, ਨਹੀਂ ਤਾਂ ਉਹ ਬਹੁਤਾ ਹਰਦਵਾਰ ਜਾਂਦੇ ਰਹੇ ਸਨ। ਉਹ ਸ੍ਰੀ ਦਰਬਾਰ ਸਾਹਿਬ ਨੂੰ ਵੀ ਹਿੰਦੂ ਧਰਮ ਦਾ ਤੀਰਥ ਗਿਣਦੇ ਸਨ। ਜਦੋਂ ਮੇਰੀ ਮਾਂ ਸ੍ਰੀ ਦਰਬਾਰ ਸਾਹਿਬ ਆਈ ਸੀ, ਜੇ ਉਸ ਨੂੰ ਉਸ ਸਮੇਂ ਨਿਹੰਗ ਸਿੰਘ ਦੀ ਕਹਾਣੀ ਦਾ ਇਤਿਹਾਸ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਤੇ ਹੋਰ ਸਿੱਖ ਇਤਿਹਾਸ ਦੀਆਂ ਕਹਾਣੀਆਂ ਦੇ ਇਸ਼ਤਿਹਾਰ ਮਿਲ ਗਏ ਹੁੰਦੇ ਤਾਂ ਮੈਂ ੧੯ ਸਾਲ ਦੀ ਉਮਰ ਤੋਂ ਬਹੁਤ ਸਮਾਂ ਪਹਿਲਾਂ ਸਿੱਖ ਬਣ ਜਾਂਦਾ। ਹਰੇਕ ਆਦਮੀ ਸਾਰੀ ਉਮਰ ਭੁੱਖਾਂ ਪਿਆਸਾਂ ਕੱਟਦਾ ਹੋਇਆ ਜ਼ਿੰਦਗੀ ਦਾ ਲੰਮਾ ਸਮਾਂ ਸੇਵਾ ਵਿੱਚ ਬਿਤਾਅ ਨਹੀਂ ਸਕਦਾ। ਉਸ ਨੂੰ ਇਸ ਪਾਸੇ ਤੋਰਨ ਲਈ ਤੇ ਅਡੋਲ ਰਹਿਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਭਾਈ ਗੁਰਦਾਸ ਦੀਆਂ ਵਾਰਾਂ ਤੇ ਗੁਰੂ ਘਰ ਦੇ ਇਤਿਹਾਸ ਦੀਆਂ ਕਹਾਣੀਆਂ ਨੂੰ ਪੜ੍ਹਨ ਦੀ ਲੋੜ ਹੁੰਦੀ ਹੈ।

ਜਦੋਂ ਸੰਨ ੧੯੬੬ ਵਿੱਚ ਇੰਗਲੈਂਡ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸ਼ਸਤਰ ਦਿੱਲੀ ਦੇ ਗੁਰਦੁਆਰਾ ਰਕਾਬ ਗੰਜ ਸਾਹਿਬ ਪੁੱਜੇ ਸਨ ਤਾਂ ਨਾ ਕੇਵਲ ਹਜ਼ਾਰਾਂ ਸਿੱਖ ਬਲਕਿ ਸਾਰੇ ਮਜਹਬਾਂ ਦੇ ਹਜ਼ਾਰਾਂ ਬੰਦੇ ਵੀ ਉਹਨਾਂ ਸ਼ਸਤਰਾਂ ਦੇ ਦਰਸ਼ਨ ਕਰਨ ਲਈ ਗੁਰਦੁਆਰਾ ਰਕਾਬ ਗੰਜ ਸਾਹਿਬ ਪੁੱਜੇ ਸਨ। ਯੂਰਪ ਦੇ ਕਈ ਦੇਸ਼ਾਂ ਦੇ ਬੰਦੇ ਆਪਣੇ ਬੱਚਿਆਂ ਨੂੰ ਮੋਢਿਆਂ ’ਤੇ ਚੁੱਕ ਕੇ ਗੁਰਦੁਆਰਾ ਰਕਾਬ ਗੰਜ ਸਾਹਿਬ ਪੁੱਜੇ ਸਨ। ਉਹਨਾਂ ਸ਼ਸਤਰਾਂ ਦੀ ਅੱਖੀਆਂ ਚੁੰਧਿਆ ਦੇਣ ਵਾਲੀ ਜੋ ਆਓ ਭਗਤ ਗੁਰਦੁਆਰਾ ਰਕਾਬ ਗੰਜ ਸਾਹਿਬ ਵਿੱਚ ਹੋਈ ਉਸ ਉੱਤੇ ਜੇ. ਥਿਡਾਨੀ ਦਾ ਇਕ ਲੇਖ ਪੰਜਾਬ ਦੀ ਅੰਗਰੇਜ਼ੀ ਅਖ਼ਬਾਰ ਟ੍ਰਿਬਿਊਨ ਵਿੱਚ ਨਿਕਲਿਆ ਸੀ। ਉਸ ਵਿੱਚ ਲੇਖਕ ਨੇ ਲਿਖਿਆ ਸੀ ਕਿ ਹੋਰਨਾਂ ਦੇਸ਼ਾਂ ਦੇ ਬੰਦੇ ਆਪਣੇ ਬੱਚਿਆਂ ਨੂੰ ਆਪਣੇ ਮੋਢਿਆਂ ’ਤੇ ਚੁੱਕ-ਚੁੱਕ ਕੇ ਗੁਰਦੁਆਰਾ ਰਕਾਬ ਗੰਜ ਸਾਹਿਬ ਉਹਨਾਂ ਸ਼ਸਤਰਾਂ ਨੂੰ ਦੇਖਣ ਆਏ, ਉਹਨਾਂ ਦੇ ਬੱਚੇ ਉਹਨਾਂ ਨੂੰ ਪੁੱਛਦੇ ਸਨ ਕਿ ਗੁਰੂ ਗੋਬਿੰਦ ਸਿੰਘ ਕੌਣ ਸਨ ਤੇ ਸ਼ਸਤਰਾਂ ਦੀ ਕਹਾਣੀ ਕੀ ਹੈ? ਪਰ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਨੇ ਕੋਈ ਇਸ਼ਤਿਹਾਰ ਜਾਂ ਕਿਤਾਬਚਾ ਸ਼ਸਤਰਾਂ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂ ਬੰਦਿਆਂ ਨੂੰ ਨਾ ਵੰਡਿਆ ਤੇ ਨਾ ਹੀ ਛਾਪਿਆ;



ਨਾ ਹੀ ਕਿਸੇ ਨੂੰ ਇਹ ਗੱਲ ਸੁੱਝੀ ਜਿਸ ਵਿੱਚ ਦੱਸਿਆ ਗਿਆ ਹੁੰਦਾ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕੌਣ ਸਨ—ਤੇ ਇਹ ਸ਼ਸਤਰ ਭਾਰਤ ਤੋਂ ਜ਼ਬਰਦਸਤੀ ਕਿਉਂ ਇੰਗਲੈਂਡ ਲਿਜਾਏ ਗਏ ਸਨ ਤੇ ਕੌਣ ਲੈ ਕੇ ਗਿਆ ਸੀ। ਹੇਠਾਂ ਜੇ. ਥਿਡਾਨੀ ਦਾ ਅੰਗਰੇਜ਼ੀ ਲੇਖ ਦਿੱਤਾ ਜਾਂਦਾ ਹੈ :-

## SWORD AND SACRIFICE

A Century after they left India, the arms of Guru Gobind Singh are back on Punjabi soil. For Sikhs everywhere it was a week of rejoicing. Many travelled from Delhi to see the relics arrived in Amritsar. Other offered thanks-givings at Delhi Gurdwaras. The Promise of rain which has hovered over Delhi and Punjab this last week was interpreted by the pious as a blessing from the Guru at having his arms back where they belong.

From the moment that the relics arrived at Palam, over a month ago, pilgrims from distant corners of India have travelled to bow their heads before the sword and shield of the tenth and last Guru. And Gurdwara Rakab Ganj, where the relics were displayed in Delhi attained a prominence it has seldom known, as not only thousands of Sikhs, but citizens of all communities and large number of Delhi’s foreigners came there to see the weapons and to learn about Guru Gobind Singh.

It is Unfortunate that so little good material was available for them to learn from. In cosmopolitan Delhi, for the eager sight-seers at Rakab ganj, it was often necessary to explain who Guru Gobind Singh was and what he did. But not many of our own countrymen seem to have more than the haziest notions of the Guru’s history. Not enough, for instance, know the significance of Anandpur, for why the Guru lived there. Not enough

realised, as they touched their foreheads to the ground at Rakab Ganj, that once before in Sikh history this site was famous. Here the body of Guru Teg Bahadur was brought, Guru Gobind Singh's father, the quiet ascetic who had asked only to be allowed to live in peace and had been murdered by the Mughal rulers.

As we followed the daily reports of the relics reaching Chandigarh, Kapurthala, Amritsar, how many of us, Delhi's countless Punjabis, could bring to life the story of Guru Gobind Singh, for the interested foreigners, or for the enquiring child? And yet, but for him the Sikh as we know him, Punjab's beau, ideal, warrior, horseman, poet and leader, who inspired Punjabis for centuries after. The priest and patriot who gave to India the beginnings of a nation, welded by a common culture and common faith. But for him; the gentle teachings of Guru Nanak would have lasted only as one of India's many sects. Because of him, there arose a new concept of Sikhism and a new type of Sikh, the Khalsa of Guru Gobind Singh, drawn mainly from the tough Jat peasantry, spreading and strengthening with extraordinary fervour. At Sikh valour, men the world over marvelled ever since. At Sikh deeds of heroism, history still stands amazed.

Why did Lord Dalhousie ask for these Particular relics as souvenirs for his family? He gave no clear reasons. But from his writings we know that the Sikh Wars remained indelibly imprinted on the minds of the imperialists who waged them and destroyed forever the Khalsa armies of free Punjab. Nowhere in history, Dalhousie wrote of the Sikhs had a people displayed such unbelievable valour as these men, who even in defeat



were unvanquished and he attributed this incomparable courage to Guru Gobind Singh, the remarkable man who founded the Sikh army two hundred year earlier whose sword and shield the conqueror of the Khalsa valued more than any other token of victory.

"When all other means have failed," Guru Gobind Singh wrote, "It is permissible to draw the sword." So accustomed are we to thinking of the tenth Guru as a wielder of the sword and destroyer of foes that today, eager as we are to draw swords and identify ourselves, with him few of us pause or even been tried. Few of us bear in mind Guru Gobind Singh's hymn.

"Learn to love,  be merciful, and forbear. Be mild, be patient, have no lust, nor wrath, greed nor obstinacy."

And even fewer remember that Guru Gobind Singh, who had known his father murdered, who had lived all his life with danger and treachery, nevertheless asked his followers not to do more vengeful sword—swinging, but sacrifice—and persist in willingness to die for what they believed.

As the relics move slowly home to Anandpur, Sikhs, Punjabis and Indians alike might do well today to ask themselves what sacrifice they personally would be prepared to make, and for what cause they would be willing to die.

—By Jaya Thadani, Tribune 14 Feb, 1966.

Nations, like individuals, derive support and strength from the feeling that they belong to an illustrious race, that, they are heirs of their greatness, and ought to be the perpetrators of their glory. It is of momentous

importance that a nation should have a great past to look back upon. It steadies the life of the present, elevates and upholds it and heightens and lifts it up, by the memory of the great deeds, the noble sufferings and the valorous achievements of the man of old. ─Samuel Smiles.

A people that take no pride in the noble achievments of remote ancestors will never achieve any thing to be remembered with pride by remote posterity.

─Macaulay.

Each generation gathers together the imperishable children of the past, increases them by sons of light, alike radiant with immortality. ─Bancroft

Difficulty is a nurse of greatness─a harsh nurse, who rocks her foster children roughly, but rocks them into strength athletic proportions. The mind grappling with mighty impediments grows by a certain necessity to the stature of greatness. ─Bryant

Times of general calamity and confusion have ever been productive of the greatest minds. The purest one is produced from the hotest furnace, and the brightest thunderbolt is elicited from the darkest storm. ─Colton.

## THE GLORY OF BUILDING

BY─JOHN RUSKIN

God has lent us the earth for our life. It is a great entail. It belongs as much as those who are to come after us and whose names are already written on the book of creation as to us; and we have no right by anything we do or neglect, to involve them in unnecessary penalties or deprive them of benefits which it was in our power to bequeath. And this all the more because it is one of



the appointed conditions of the labour of men, that in proportion of the time between the seed sowing and the harvest in the fullness of the fruit, and that generally, therefore, the farther off we place our aim and the less we desire to be ourselves the witness of what we have laboured for the more and wider and richer will be the measure of our success. Men cannot benefit those that are with them as they can benefit those who are to come after them, and of all the pulpits from which human voice is ever sent forth, there is none from which it reaches so far as from the grave. Nor is there, indeed, any present loss in such respect for futurity. Every human action gains in honour, in grace, in all true magnificence, by its regard to things that are to come. It is the farsight, the quiet and confident patience, that above all other attributes separate man from man and take him near to his maker, and there is no action nor art whose majesty we may not measure by this test. Therefore, when we build, let us think that we build for ever. Let it nor be for present delight, nor for present use alone, let it be such work as our descendants will thank us for, and let us think that as we lay stone on stone a time is to come when those stones will be held sacred, because our hands have touched them, that men will say as they look upon the labour and wrought substance of them: "see! this our fathers did for us." For, indeed, the greatest glory of a building is not in its stone or in its gold; its glory is in its age.

─From the monthly Journal Great Thoughts London.

# ਉਸਾਰੀ ਦੀ ਮਹਿਮਾ

ਵਾਹਿਗੁਰੂ ਨੇ ਇਹ ਧਰਤੀ ਸਾਨੂੰ ਜੀਵਨ ਦੇ ਨਿਰਬਾਹ ਲਈ ਬਖ਼ਸ਼ੀ ਹੋਈ ਹੈ । ਇਹ ਸਾਰੀ ਮਨੁੱਖਾ ਨਸਲ ਦੀ ਮਹਾਨ ਜਾਇਦਾਦ ਸਮਝਣੀ ਚਾਹੀਦੀ ਹੈ । ਇਸ ਉੱਤੇ ਜਿੰਨਾ ਅਧਿਕਾਰ ਸਾਡਾ ਹੈ, ਉਤਨਾ ਹੀ ਉਹਨਾਂ ਬੰਦਿਆਂ ਦਾ ਵੀ ਹੈ ਜਿਹਨਾਂ ਨੇ ਸਾਡੇ ਪਿੱਛੋਂ ਆਉਣਾ ਹੈ ਅਤੇ ਜਿਹਨਾਂ ਦੇ ਨਾਮ ਰਚਨਾ ਦੀ ਪੁਸਤਕ ਵਿੱਚ ਅੱਗੇ ਹੀ ਦਰਜ ਹੋ ਚੁੱਕੇ ਹੋਏ ਹਨ ਅਤੇ ਸਾਨੂੰ ਕੋਈ ਅਜਿਹੀ ਗੱਲ ਕਰਨ ਜਾਂ ਭੁਲਾ ਛੱਡਣ ਦਾ ਅਧਿਕਾਰ ਨਹੀਂ ਜੋ ਆਉਣ ਵਾਲੀਆਂ ਨਸਲਾਂ ਨੂੰ ਬੇਲੋੜੀਆਂ ਸਜ਼ਾਵਾਂ ਭੁਗਤਾਵੇ ਜਾਂ ਉਹਨਾਂ ਲਾਭਾਂ ਤੋਂ ਵਾਂਝੇ ਕਰੇ ਜਿਹੜੇ ਕਿ ਅਸੀਂ ਆਪਣੀ ਸੰਸਾਰ ਯਾਤਰਾ ਕਰਦਿਆਂ ਹੋਇਆਂ ਉਹਨਾਂ ਲਈ ਛੱਡ ਸਕਦੇ ਹਾਂ ਅਤੇ ਇਹ ਗੱਲ ਇਸ ਲਈ ਵੀ ਉਚਿਤ ਹੈ ਕਿਉਂਕਿ ਮਨੁੱਖਾਂ ਦੀਆਂ ਮਜੂਰੀ ਦੀਆਂ ਮਿਥੀਆਂ ਹੋਈਆਂ ਸ਼ਰਤਾਂ ਵਿੱਚੋਂ ਇਕ ਸ਼ਰਤ ਇਹ ਹੁੰਦੀ ਹੈ ਕਿ ਕਿਸੇ ਬੀਜ ਨੂੰ ਧਰਤੀ ਵਿੱਚ ਬੀਜਣ ਅਤੇ ਉਸ ਤੋਂ ਉਪਜੀ ਹੋਈ ਫ਼ਸਲ ਦੇ ਪੱਕਣ ਵਿੱਚ ਜਿਸ ਨਿਸਬਤ ਨਾਲ ਸਮਾਂ ਲੱਗਦਾ ਹੈ ਉਸ ਅਨੁਸਾਰ ਹੀ ਫਲ ਦੀ ਪਕਿਆਈ ਵੀ ਹੁੰਦੀ ਹੈ । ਇਸ ਲਈ ਆਪਣੀ ਜੀਵਨ ਯਾਤਰਾ ਵਿੱਚ ਜਿਤਨਾ ਵੀ ਅਸੀਂ ਆਪਣੇ ਕੰਮਾਂ ਦਾ ਮਨੋਰਥ ਦੁਰੇਡਾ ਰੱਖਾਂਗੇ ਅਤੇ ਉਹਨਾਂ ਕੰਮਾਂ ਤੋਂ ਉਪਜੇ ਫਲ ਦੀ ਪ੍ਰਾਪਤੀ ਵੇਖਣ ਦੀ ਇੱਛਾ ਘੱਟ ਤੋਂ ਘੱਟ ਕਰਾਂਗੇ ਉਤਨਾ ਹੀ ਵਧੇਰਾ, ਚੌੜਾ ਅਤੇ ਮੁੱਲ ਵਾਲਾ ਸਾਡੀ ਸਫਲਤਾ ਦਾ ਨਾਪ ਹੋਵੇਗਾ । ਸੰਸਾਰ ਦੇ ਬੰਦੇ ਆਪਣੇ ਨਾਲ ਰਹਿਣ ਵਾਲੇ ਬੰਦਿਆਂ ਦਾ ਭਲਾ ਉਤਨਾ ਵਧੇਰੇ ਨਹੀਂ ਕਰ ਸਕਦੇ ਜਿਤਨਾ ਕਿ ਉਹ ਆਉਣ ਵਾਲੀਆਂ ਨਸਲਾਂ ਦਾ ਕਰ ਸਕਦੇ ਹਨ ਸੰਸਾਰ ਵਿੱਚ ਜਿੰਨੀ ਵੀ ਮਨੁੱਖੀ ਕੂਕ ਵੱਖ-ਵੱਖ ਥੜ੍ਹਿਆਂ ਤੋਂ ਸੁਣੀਂਦੀ ਹੈ ਅਰਥਾਤ ਜੋ ਮਨੁੱਖ ਕੁਝ ਸਵਾਰ ਕੇ ਏਥੋਂ ਜਾਂਦੇ ਹਨ ਉਹਨਾਂ ਦੀ ਆਵਾਜ਼ ਵਧੇਰੇ ਅਸਰ ਰੱਖਦੀ ਹੈ । ਨਾ ਹੀ ਇਹ ਸਮਝਣਾ ਚਾਹੀਦਾ ਹੈ ਕਿ ਭਵਿੱਖਤ ਦਾ ਏਨਾ ਸਤਿਕਾਰ ਕਰਨਾ ਵਰਤਮਾਨ ਕਾਲ ਲਈ ਘਾਟੇ ਦਾ ਕਾਰਨ ਹੋਵੇਗਾ । ਮਨੁੱਖ ਦੇ ਕੀਤੇ ਕੰਮਾਂ ਦੀ ਵਡਿਆਈ, ਸੁੰਦਰਤਾ ਅਤੇ ਅਸਲ ਸ਼ਾਨ ਵਧੇਰੇ ਵਧਦੀ ਹੈ ਜੇ ਉਹ ਕੰਮ ਆਉਣ ਵਾਲੇ ਸਮੇਂ ਦਾ ਧਿਆਨ ਰੱਖ ਕੇ ਕੀਤੇ ਜਾਣ । ਕਿਸੇ ਮਨੁੱਖ ਦੀ ਦੂਰਦਰਸ਼ਤਾ ਸ਼ਾਂਤ ਅਤੇ ਭਰੋਸੇ ਭਰਿਆ ਸੰਤੋਖ ਹੀ ਉਸ ਮਨੁੱਖ ਨੂੰ ਦੂਜੇ ਮਨੁੱਖਾਂ ਨਾਲੋਂ ਨਿਖੇੜਦੇ ਹਨ ਅਤੇ ਕਰਤਾ ਪੁਰਖ ਦੇ ਨੇੜੇ ਪਹੁੰਚਾਉਂਦੇ ਹਨ ਅਤੇ ਦੁਨੀਆਂ ਵਿੱਚ ਕੋਈ ਕੰਮ ਜਾਂ ਹੁਨਰ ਅਜਿਹਾ ਨਹੀਂ ਹੈ ਜਿਸ ਦੀ ਸ਼ਾਨ



ਅਸੀਂ ਇਸ ਕਸਵੱਟੀ ਨਾਲ ਨਾ ਪਰਖ ਸਕੀਏ । ਇਸ ਲਈ ਅਸੀਂ ਜਦੋਂ ਵੀ ਕਿਸੇ ਚੀਜ਼ ਦੀ ਉਸਾਰੀ ਕਰੀਏ ਤਾਂ ਸਾਨੂੰ ਇਹ ਗੱਲ ਆਪਣੇ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਅਸੀਂ ਪੱਕੀ ਰਹਿਣ ਵਾਲੀ ਉਸਾਰੀ ਕਰ ਰਹੇ ਹਾਂ । ਸਾਨੂੰ ਅਜਿਹੀ ਉਸਾਰੀ ਨਹੀਂ ਕਰਨੀ ਚਾਹੀਦੀ ਜਿਹੜੀ ਕੇਵਲ ਅੱਜ ਦੇ ਸਮੇਂ ਦੇ ਮਨ-ਪ੍ਰਚਾਵੇ ਲਈ ਹੀ ਹੋਵੇ ਜਾਂ ਅੱਜ ਦੇ ਸਮੇਂ ਦੀ ਕੋਈ ਛੋਟੀ ਮੋਟੀ ਲੋੜ ਪੂਰੀ ਕਰਦੀ ਹੋਵੇ, ਸਗੋਂ ਸਾਨੂੰ ਅਜਿਹਾ ਕੰਮ ਕਰਨਾ ਚਾਹੀਦਾ ਹੈ ਜਿਸ ਨੂੰ ਤੱਕ ਕੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਾਡਾ ਧੰਨਵਾਦ ਕਰ ਸਕਣ ਅਤੇ ਜਦੋਂ ਅਸੀਂ ਇਕ ਇੱਟ ਉੱਤੇ ਦੂਜੀ ਇੱਟ ਧਰਦੇ ਹਾਂ ਤਾਂ ਸਾਨੂੰ ਇਉਂ ਸੋਚਣਾ ਚਾਹੀਦਾ ਹੈ ਕਿ ਉਹ ਇੱਟਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਨਜ਼ਰਾਂ ਵਿੱਚ ਇਸ ਲਈ ਪਵਿੱਤਰ ਅਤੇ ਪੂਜਾ ਦੇ ਯੋਗ ਗਿਣੀਆਂ ਜਾਣਗੀਆਂ, ਕਿਉਂਕਿ ਉਨ੍ਹਾਂ ਇੱਟਾਂ ਨੂੰ ਸਾਡੇ ਸੁਯੋਗ ਹੱਥ ਲੱਗੇ ਹੋਏ ਸਨ ਅਤੇ ਜਦੋਂ ਸਾਡੀਆਂ ਘਾਲੀਆਂ ਹੋਈਆਂ ਘਾਲਾਂ ਤੋਂ ਬਣੀਆਂ ਹੋਈਆਂ ਚੀਜ਼ਾਂ ਨੂੰ ਤੱਕਣਗੇ ਤਾਂ ਉਹ ਇਹ ਗੱਲ ਆਖਣ ਨੂੰ ਵੀ ਮਜਬੂਰ ਹੋਣਗੇ ਕਿ ਚੀਜ਼ਾਂ ਸਾਡੇ ਬਜ਼ੁਰਗਾਂ ਨੇ ਸਾਡੇ ਵਾਸਤੇ ਹੀ ਬਣਾਈਆਂ ਸਨ ਕਿਉਂਕਿ ਕਿਸੇ ਇਮਾਰਤ ਦੀ ਸਭ ਤੋਂ ਵੱਡੀ ਮਹਿਮਾ ਨਾ ਤਾਂ ਉਸ ਵਿੱਚ ਲੱਗੇ ਹੋਏ ਪੱਥਰਾਂ ਤੋਂ ਗਿਣੀ ਜਾ ਸਕਦੀ ਹੈ ਅਤੇ ਨਾ ਹੀ ਉਸ ਵਿੱਚ ਲੱਗੇ ਹੋਏ ਸੋਨੇ ਤੋਂ, ਬਲਕਿ ਉਸ ਦੀ ਉਮਰ ਤੋਂ, ਅਰਥਾਤ ਇਸ ਗੱਲੋਂ ਕਿ ਉਹ ਕਿੰਨਾ ਚਿਰ ਕਾਇਮ ਰਹਿਣ ਵਾਲੀ ਬਣੀ ਹੈ । ਇਹ ਲੇਖ ਇੰਗਲੈਂਡ ਦੇ ਮਾਸਿਕ-ਪੱਤਰ **Great Thoughts London** ਵਿੱਚੋਂ ਲਿਆ ਗਿਆ ਹੈ । ਸੰਸਾਰ-ਪ੍ਰਸਿੱਧ ਜੌਹਨ ਰਸਕਿਨ ਇੰਗਲੈਂਡ ਦਾ ਫ਼ਿਲਾਸਫ਼ਰ ਹੋਇਆ ਹੈ । ਉਸ ਦੀ ਲਿਖੀ ਹੋਈ ਪੁਸਤਕ **Unto This Last** ਸੰਸਾਰ ਦੀ ਮੰਨੀ-ਪ੍ਰਮੰਨੀ ਪੁਸਤਕ ਹੈ । ਮਹਾਤਮਾ ਗਾਂਧੀ ਜੀ ਨੇ ਆਪਣੀ ਜਵਾਨੀ ਦੇ ਆਰੰਭ ਵਿੱਚ ਰੇਲ ਗੱਡੀ ਦਾ ਸਫਰ ਕਰਦਿਆਂ ਹੋਇਆਂ ਇਸ ਪੁਸਤਕ ਨੂੰ ੨੪ ਘੰਟਿਆਂ ਵਿੱਚ ਇਕ ਟਕ ਪੜ੍ਹਿਆ ਅਤੇ ਇਸ ਨੂੰ ਪੜ੍ਹ ਕੇ ਆਰਥਿਕ ਦ੍ਰਿਸ਼ਟੀਕੋਣ ਤੋਂ ਉਹਨਾਂ ਨੂੰ ਜੀਵਨ ਦਾ ਨਵਾਂ ਚਾਨਣਾ ਮਿਲਿਆ । ਭਾਰਤ ਦੇ ਬੰਦੇ ਅੱਗ ਸੇਕਣ ਵਾਲੀਆਂ ਅੰਗੀਠੀਆਂ ਵਿੱਚ, ਇੱਟਾਂ ਪਕਾਉਣ ਵਾਲੇ ਭੱਠਿਆਂ ਵਿੱਚ, ਸੜਕਾਂ 'ਤੇ ਵਿਛਾਉਣ ਲਈ ਲੁਕ ਨੂੰ ਗਰਮ ਕਰਨ, ਕੁਰਸੀਆਂ, ਮੇਜ਼ਾਂ ਤੇ ਡਬਲਬੈੱਡਾਂ, ਮਕਾਨਾਂ ਦੀਆਂ ਛੱਤਾਂ ਤੇ ਕੰਧਾਂ ਨੂੰ ਲੱਕੜ ਦੀਆਂ ਫੱਟੀਆਂ ਨਾਲ ਸਜਾਉਣ, ਇਕ ਵਕਤ ਕਈ-ਕਈ ਦਾਲਾਂ ਤੇ ਸਬਜ਼ੀਆਂ ਬਣਾਉਣ ਲਈ ਲੱਕੜ ਦੀ ਅੰਨ੍ਹੇਵਾਹ ਵਰਤੋਂ ਕਰਨ ਨਾਲ ਧਰਤੀ ਤੋਂ ਜੰਗਲਾਂ ਨੂੰ ਸਮਾਪਤ ਕਰ ਰਹੇ ਹਨ ।

ਅਬਾਦੀ ਦਾ ਵਾਧਾ ਵੀ ਰੁੱਖਾਂ ਦੀ ਅੰਨ੍ਹੇਵਾਹ ਹੋ ਚੁੱਕੀ ਤੇ ਹੁੰਦੀ ਜਾ ਰਹੀ ਕਟਾਈ ਦੇ ਕਾਰਨਾਂ ਵਿੱਚੋਂ ਇਕ ਵੱਡਾ ਕਾਰਨ ਹੈ ਜਿਹੜੇ ਸਾਰੇ ਰਲ ਕੇ ਭਾਰਤ ਦੀ ਧਰਤੀ ਨੂੰ ਰੇਤ ਦਾ ਮਾਰੂਥਲ ਬਣਾ ਰਹੇ ਹਨ—ਭਗਤ ਪੂਰਨ ਸਿੰਘ

## ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
## ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥

**ਆਤਮ-ਉਪਦੇਸ ਭੇਸੁ ਸੰਜਮ ਕੋ, ਜਾਪ ਸੁ ਅਜਪਾ ਜਾਪੈ ।**
**ਸਦਾ ਰਹੈ ਕੰਚਨ ਸੀ ਕਾਯਾਂ, ਕਾਲ ਨ ਕਬਹੂੰ ਬਯਾਪੈ ॥ ੩/੨**

(ਰਾਮਕਲੀ ਪਾਤਿਸ਼ਾਹੀ ੧੦)

**"From exertion comes wisdom and purity; from sloth ignorance and sensuality. In the student, sensuality is a sluggish habit of the mind. An unclean person is universally a slothful one, who sits by a stove, on whom the sun shines prostrate, who reposes without being fatigued. If you would, avoid uncleanliness, and all the sins, work earnestly, though it be at cleaning a stable." —Thoreau.**

"ਯਤਨ ਤੋਂ ਉਪਜਦੀ ਹੈ ਸਿਆਣਪ ਅਤੇ ਪਵਿੱਤਰਤਾ, ਆਲਸ ਤੋਂ ਅਗਿਆਨਤਾ ਅਤੇ ਇੰਦਰੀਆਂ ਵਾਲੀਆਂ ਭਾਵਨਾਵਾਂ । ਅਪਵਿੱਤਰ ਮਨੁੱਖ ਸਦਾ ਹੀ ਆਲਸੀ ਹੁੰਦਾ ਹੈ ਜੋ ਚੁੱਲ੍ਹੇ ਪਾਸ ਹੀ ਬੈਠਦਾ ਹੈ, ਜਿਸਦੇ ਲੰਮੇ ਪਏ 'ਤੇ ਹੀ ਸੂਰਜ ਆਪਣੀ ਰੌਸ਼ਨੀ ਸੁੱਟਦਾ ਹੈ, ਜੋ ਬਿਨਾਂ ਥੱਕਿਆਂ ਹੀ ਅਰਾਮ ਕਰਦਾ ਰਹਿੰਦਾ ਹੈ । ਜੇ ਤੁਸੀਂ ਅਪਵਿੱਤਰਤਾ ਤੋਂ ਅਤੇ ਸਾਰੇ ਪਾਪਾਂ ਤੋਂ ਬਚਣਾ ਚਾਹੁੰਦੇ ਹੋ ਤਾਂ ਗੰਭੀਰਤਾ ਨਾਲ ਅਰਥਾਤ ਤਨੋਂ ਮਨੋਂ ਕੰਮ ਕਰੋ, ਭਾਵੇਂ ਇਹ ਘੋੜਿਆਂ ਦੇ ਤਬੇਲੇ ਦੀ ਲਿੱਦ ਨੂੰ ਸਾਫ਼ ਕਰਨਾ ਹੀ ਹੋਵੇ ।" —ਥੋਰੋ

By work alone can man exercise all his abilities and powers. Work is purifier of man. Work is life itself.

ਅਰਥਾਤ—ਕੰਮ ਕਰਦਿਆਂ ਹੋਇਆਂ ਹੀ ਬੰਦਾ ਆਪਣੀਆਂ ਯੋਗਤਾਵਾਂ ਤੇ ਸ਼ਕਤੀਆਂ ਨੂੰ ਵਰਤੋਂ ਵਿੱਚ ਲਿਆਉਂਦਾ ਹੈ । ਕੰਮ ਮਨੁੱਖ ਦੇ ਮਨ ਨੂੰ ਪਵਿੱਤਰ ਬਣਾਉਂਦਾ ਹੈ ਤੇ ਕੰਮ ਹੀ ਜੀਵਨ ਹੈ ।



ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਪੁ ਜੀ ਸਾਹਿਬ ਦੇ ਅੰਤ ਦੇ ਸਲੋਕ ਵਿੱਚ ਹੇਠ ਲਿਖੀ ਤੁਕ ਆਉਂਦੀ ਹੈ :-

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲ ॥੧॥** (ਅੰ: ੮)

ਮੁਸ਼ੱਕਤ ਸਰੀਰ ਨਾਲ ਕੀਤੇ ਜਾਣ ਵਾਲੇ ਔਖੇ ਕੰਮਾਂ ਨੂੰ ਕਿਹਾ ਜਾਂਦਾ ਹੈ; ਜਿਵੇਂ ਇਕ ਮਜ਼ਦੂਰ ਸਾਰਾ ਦਿਨ ਇੱਟਾਂ ਦੀ ਟੋਕਰੀ ਸਿਰ 'ਤੇ ਚੁੱਕ ਕੇ ਤੀਜੀ ਮੰਜ਼ਲ 'ਤੇ ਚੜ੍ਹਾਵੇ, ਲੰਮਾ ਪੈਂਡਾ ਕਰਨ ਜਾਂ ਬਾਰਾਂ ਮਹੀਨੇ ਤੀਹ ਦਿਨ ਸਫ਼ਰ ਵਿੱਚ ਰਹਿਣਾ ਔਖੇ ਤੇ ਮੁਸ਼ੱਕਤ ਦੇ ਕੰਮ ਹੁੰਦੇ ਹਨ । ਛੋਟੀ ਉਮਰ ਤੋਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਿਰਦੇ ਵਿੱਚ ਨਾਮ ਵੱਸ ਗਿਆ ਸੀ । ਨਾਮ ਜਪਣ ਦਾ ਅਰਥ ਵਾਹਿਗੁਰੂ ਦੇ ਗੁਣਾਂ ਨੂੰ ਯਾਦ ਕਰਨਾ ਹੁੰਦਾ ਹੈ । ਇਸੇ ਕਰਕੇ ਉਹਨਾਂ ਨੇ ਮੁਸ਼ੱਕਤ ਦੇ ਕੰਮਾਂ ਨੂੰ ਕਰਨ ਲਈ ਮੋਦੀਖ਼ਾਨੇ ਦੀ ਗੱਦੀ 'ਤੇ ਬੈਠਾ ਰਹਿ ਕੇ ਤੱਕੜੀ ਤੋਲਣ ਦੇ ਸੁਖਾਲੇ ਕੰਮ ਨੂੰ ਛੱਡ ਦਿੱਤਾ ਸੀ ਤੇ ਮੁਸ਼ੱਕਤ ਦੇ ਕੰਮਾਂ ਨੂੰ ਕਰਨ ਦਾ ਮਨ ਬਣਾ ਲਿਆ ਸੀ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਤੁਕ ਹੈ ।

**ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ॥**

**(ਅੰਗ ੫੩੨)**

ਅਰਥਾਤ—ਹਰੀ ਜਨਾਂ, ਭਗਤਾਂ ਦਾ ਜਨਮ ਸਫਲ ਹੈ ਜਿਨ੍ਹਾਂ ਨੇ ਵਾਹਿਗੁਰੂ ਨੂੰ ਔਂਤਰਾ ਹੋਣ ਤੋਂ ਬਚਾਇਆ । ਵਾਹਿਗੁਰੂ ਦਾ ਕੀ ਕਰਤੱਵ ਹੈ, ਉਸ ਦਾ ਪਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਕ ਸ਼ਬਦ ਦੀ ਹੇਠ ਲਿਖੀ ਤੁਕ ਤੋਂ ਲੱਗਦਾ ਹੈ :-

**ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥**
**ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥੨॥**

(ਅੰਗ ੭੨੪)

ਇਸ ਲਈ ਜਿਹੜਾ ਆਦਮੀ ਰੱਬ ਦਾ ਭਗਤ ਬਣੇਗਾ ਉਸ ਨੂੰ ਦੁਨੀਆਂ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ 'ਤੇ ਲੈਣੀ ਪਵੇਗੀ ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀਹਾਂ ਸਾਲਾਂ ਤੋਂ ਵੱਧ ਸਮਾਂ ਦੇਸ਼ ਤੇ ਸੰਸਾਰ ਦੀ ਯਾਤਰਾ ਕੀਤੀ, ਜਿਸ ਦਾ ਬਹੁਤ ਸਾਰਾ ਹਿੱਸਾ ਪੈਦਲ ਯਾਤਰਾ ਦਾ

ਸੀ । ਉਹਨਾਂ ਨੇ ਸਮਾਜ-ਸੁਧਾਰ ਤੇ ਧਰਮ ਦਾ ਪ੍ਰਚਾਰ ਕਰਕੇ ਲੋਕਾਂ ਦੀਆਂ ਆਤਮਾਵਾਂ ਜਗਾਈਆਂ ਤੇ ਉਹਨਾਂ ਨੂੰ ਸ਼ਾਂਤੀ ਦਾ ਖੁਸ਼ੀਆਂ ਭਰਿਆ ਜੀਵਨ ਬਿਤਾਉਣ ਦੇ ਰਾਹ 'ਤੇ ਪਾਇਆ । ਕੌਡਾ ਰਾਖ਼ਸ਼, ਸੱਜਣ ਠੱਗ ਤੇ ਮਲਕ ਭਾਗੋ ਜੈਸੇ ਕੁਰਾਹੇ ਪਏ ਬੰਦਿਆਂ ਨੂੰ ਸਿੱਧਾ ਰਸਤਾ ਦਿਖਾਇਆ । ਸਮਾਜ ਤਿੰਨਾਂ ਸ਼ਕਤੀਆਂ ਦੇ ਸਿਰ 'ਤੇ ਚੱਲਦਾ ਹੈ:—

Law, public opinion and individual conscience.

ਭਾਵ—ਕਾਨੂੰਨ, ਲੋਕ-ਮੱਤ ਤੇ ਇਕੱਲੇ-ਇਕੱਲੇ ਬੰਦੇ ਦੀ ਆਤਮਾ ਦੀ ਜਾਗਰਿਤੀ ।

ਫ਼ਰਾਂਸ ਦੇਸ਼ ਦੀ ਖ਼ੂਨੀ-ਕ੍ਰਾਂਤੀ ਇਸ ਕਰਕੇ ਆਈ ਸੀ ਕਿਉਂਕਿ ਫ਼ਰਾਂਸ ਦੇਸ਼ ਦੇ ਅਫ਼ਸਰ ਤੇ ਰਾਜਸੀ ਸ਼ਕਤੀ ਵਾਲੇ ਬੰਦੇ (ਜਿਵੇਂ ਵਿਧਾਨ ਸਭਾ ਤੇ ਲੋਕ ਸਭਾ ਦੇ ਮੈਂਬਰ) ਭ੍ਰਿਸ਼ਟਾਚਾਰੀ ਬਣ ਗਏ ਸਨ । ਉਹ ਲੋਕਾਂ ਨੂੰ ਲੁੱਟ ਵੀ ਰਹੇ ਸਨ ਤੇ ਅਨੇਕਾਂ ਢੰਗਾਂ ਨਾਲ ਸਤਾਅ ਵੀ ਰਹੇ ਸਨ । ਉਨ੍ਹਾਂ ਵਿੱਚ ਝੂਠ ਬੋਲਣਾ, ਅਨਿਆਇ ਕਰਨਾ ਤੇ ਵਿਭਚਾਰ ਕਰਨ ਦੇ ਔਗੁਣ ਆ ਗਏ ਸਨ । ਭਾਰਤ-ਵਾਸੀਆਂ ਵਿੱਚ ਅਨੇਕਾਂ ਸਮਾਜਿਕ ਬੁਰਾਈਆਂ ਆ ਗਈਆਂ ਸਨ । ਉਹਨਾਂ ਵਿੱਚ ਜਿਸ ਬੁਰਾਈ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਨੇ ਸਭ ਤੋਂ ਵੱਡੀ ਬੁਰਾਈ ਸਮਝਿਆ ਉਹ 'ਝੂਠ' ਸੀ । ਸ੍ਰੀ ਗੁਰੂ ਨਾਨਕ ਸਾਹਿਬ ਨੇ ਮਨੁੱਖਾ ਜੀਵਨ ਵਿੱਚ ਸੱਚ ਬੋਲਣ ਨੂੰ ਸਭ ਤੋਂ ਉੱਚੀ ਥਾਂ ਦਿੱਤੀ ਹੈ :—

**ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥ ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥ ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ॥ ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥ ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥ ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥ ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥ ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥**

(ਅੰਗ ੪੬੮)



ਬਾਬਰ ਦੇ ਹਮਲੇ ਸਮੇਂ ਸ੍ਰੀ ਗੁਰੂ ਨਾਨਕ ਸਾਹਿਬ ਨੇ ਜਿਹੜੀ ਦੇਸ਼-ਵਾਸੀਆਂ ਦੀ ਅਧੋਗਤੀ ਦੇਖੀ, ਇਸਤਰੀਆਂ ਦੀ ਬੇਪਤੀ ਹੁੰਦੀ ਦੇਖੀ, ਲੋਕੀਂ ਮੂਲੀਆਂ ਗਾਜਰਾਂ ਵਾਂਗ ਕਤਲ ਹੁੰਦੇ ਦੇਖੇ, ਉਸ 'ਤੇ ਵਿਚਾਰ ਕਰਕੇ ਉਨ੍ਹਾਂ ਇਹ ਤੱਤ ਕੱਢਿਆ ਸੀ ਕਿ ਜੋ ਅਧੋਗਤੀ ਹੋਈ ਇਸ ਵਿੱਚ ਇਕੱਲਾ ਬਾਬਰ ਹੀ ਦੋਸ਼ੀ ਨਹੀਂ, ਦੇਸ਼ ਵਾਸੀ ਵੀ ਇਸ ਸਜ਼ਾ ਦੇ ਅਧਿਕਾਰੀ ਹਨ ਕਿਉਂਕਿ ਇਨ੍ਹਾਂ ਦੇ ਪਤਨ ਨੇ ਹੀ ਉਨ੍ਹਾਂ ਦੀ ਅਧੋਗਤੀ ਕਰਾਈ ਸੀ । ਜੇ ਦੇਸ਼-ਵਾਸੀ ਸੱਚੇ ਹੁੰਦੇ ਤੇ ਜੇ ਉਨ੍ਹਾਂ ਦਾ ਆਚਰਣ ਉੱਚਾ ਹੁੰਦਾ ਤਾਂ ਉਹ ਅਧੋਗਤੀ ਤੋਂ ਬਚ ਜਾਂਦੇ । ਗੁਰੂ ਸਾਹਿਬ ਨੇ ਝੂਠ ਦੇ ਪਸਾਰੇ ਨੂੰ ਜਿਸ ਰੂਪ ਵਿੱਚ ਦੇਖਿਆ ਉਸ ਦਾ ਹੇਠ ਲਿਖੀ ਤੁਕ ਤੋਂ ਪਤਾ ਲੱਗਦਾ ਹੈ :—

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰ ਉਡਰਿਆ ॥**

**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥**

**(ਅੰਗ ੧੪੫)**

ਆਪਣੇ ਇਨ੍ਹਾਂ ਵਿਚਾਰਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੇਠ ਲਿਖੇ ਸ਼ਬਦਾਂ ਵਿੱਚ ਬਿਆਨ ਕੀਤਾ ਹੈ:—

**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥**

**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥**

**(ਅੰਗ ੩੬੦)**

**ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥੩॥**

**(ਅੰਗ ੪੧੭)**

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁ ਜੀ ਸਾਹਿਬ ਦੀ ਤੁਕ ਹੈ:—

**ਧੌਲੁ ਧਰਮੁ ਦਇਆ ਕਾ ਪੂਤੁ ॥**

**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥** (ਅੰ: ੩)

ਭਾਵ ਧਰਤੀ ਉੱਤੇ ਅਮਨ ਸ਼ਾਂਤੀ ਤਾਂ ਹੀ ਕਾਇਮ ਰਹਿ ਸਕਦੇ ਹਨ ਜੇ ਸੰਸਾਰ ਦੇ ਬੰਦੇ ਧਰਮ ਦੇ 'ਦਇਆ ਤੇ ਸੰਤੋਖ' ਦੇ ਲੱਛਣਾਂ ਨੂੰ ਮੰਨਣ ਵਾਲੇ ਹੋਣ । ਧਰਮ ਦੇ ਨਿਯਮਾਂ ਵਿੱਚੋਂ ਸਭ ਤੋਂ ਪਹਿਲਾਂ ਨਿਯਮ 'ਸੱਚ' ਹੁੰਦਾ ਹੈ । ਦਇਆ ਤੇ ਸੰਤੋਖ ਉਨ੍ਹਾਂ ਬੰਦਿਆਂ ਦੇ ਹਿਰਦਿਆਂ ਵਿੱਚ ਵੱਸਦੇ ਹੁੰਦੇ ਹਨ ਜਿਨ੍ਹਾਂ ਦੀ ਆਤਮਾ ਧਰਮ ਦੇ ਗਿਆਨ ਨਾਲ ਜਾਗ ਰਹੀ ਹੋਵੇ । ਸੱਚਾ

ਬਣਨ ਲਈ ਬੰਦੇ ਨੂੰ ਆਪਣੇ ਅੰਦਰ ਕਿਹੜੇ-ਕਿਹੜੇ ਗੁਣ ਲਿਆਉਣੇ ਪੈਂਦੇ ਹਨ ਉਹਨਾਂ ਨੂੰ ਉੱਪਰ ਲਿਖੇ ਸ਼ਬਦ ਵਿੱਚ ਬਿਆਨ ਕੀਤਾ ਗਿਆ ਹੈ । ਆਚਰਣ ਦੀ ਗਿਰਾਵਟ ਨੇ ਭਾਰਤ-ਵਾਸੀਆਂ ਨੂੰ ਬੇਅਣਖੇ ਤੇ ਕਾਇਰ ਬਣਾ ਛੱਡਿਆ ਸੀ । ਉਸੇ ਕਾਇਰਤਾ ਦੇ ਕਾਰਨ ਧਾੜਵੀ ਬੰਦੇ ਦੇਸ਼ ਦੇ ਲੋਕਾਂ ਨੂੰ ਮੂਲੀਆਂ-ਗਾਜਰਾਂ ਵਾਂਗ ਕੱਟਦੇ ਰਹੇ ਤੇ ਨੌਜਵਾਨ ਇਸਤਰੀਆਂ ਨੂੰ ਆਪਣੇ ਦੇਸ਼ ਦੇ ਬਜ਼ਾਰਾਂ ਵਿੱਚ ਮੰਡੀਆਂ ਲਾ ਕੇ ਟਕੇ-ਟਕੇ ਨੂੰ ਵੇਚਦੇ ਰਹੇ । ਦੇਸ਼-ਵਾਸੀਆਂ ਦਾ ਧਿਆਨ ਇਸ ਬੇਅਣਖੀ ਵੱਲ ਦਿਵਾਉਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੇਠ ਲਿਖਿਆ ਸ਼ਬਦ ਰਚਿਆ—

**ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥**
**ਨਾਨਕ ਅਵਰੁ ਨ ਜੀਵੈ ਕੋਇ ॥**
**ਜੇ ਜੀਵੈ ਪਤਿ ਲਥੀ ਜਾਇ ॥**
**ਸਭੁ ਹਰਾਮੁ ਜੇਤਾ ਕਿਛੁ ਖਾਇ ॥** (ਅੰਗ ੧੪੨)

ਇਸ ਕਾਇਰਤਾ ਨੂੰ ਦੂਰ ਕਰਨ ਲਈ ਸੱਚਾਈ ਤੇ ਸਮਾਜ ਸੁਧਾਰ ਦੀਆਂ ਗੱਲਾਂ ਦਾ ਪ੍ਰਚਾਰ ਕਰਦਿਆਂ ਹੋਇਆਂ ਵੀਹ ਸਾਲ ਤੋਂ ਵੱਧ ਸਮਾਂ ਗੁਰੂ ਜੀ ਨੇ ਪੈਦਲ ਯਾਤਰਾ ਕਰਦਿਆਂ ਹੋਇਆਂ ਬਿਤਾਇਆ ।

ਅੰਗਰੇਜ਼ ਵਿਦਵਾਨ ਜੇ.ਐਮ. ਸਾਈਮ ਨੇ ਇਕ ਪੁਸਤਕ ਲਿਖੀ ਹੈ 'ਮਨੁੱਖ ਤੇ ਉਸ ਦੇ ਕਰਤੱਵ' । ਉਸ ਨੇ ਲਿਖਿਆ ਹੈ ਕਿ ਸਭ ਤੋਂ ਵੱਡੀ ਦੇਸ਼ ਭਗਤੀ ਦੇਸ਼ ਦੇ ਲੋਕਾਂ ਦੀਆਂ ਸਦਾਚਾਰ ਦੀਆਂ ਆਦਤਾਂ ਦਾ ਸੁਧਾਰ ਕਰਕੇ ਉਹਨਾਂ ਨੂੰ ਨੇਕ ਬਣਾਉਣਾ ਤੇ ਜੀਵਨ ਨੂੰ ਸਫਲਤਾ ਨਾਲ ਬਿਤਾਉਣ ਲਈ ਅਨੇਕ ਪ੍ਰਕਾਰ ਦਾ ਗਿਆਨ ਦੇਣਾ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਹਮਲੇ ਸਮੇਂ ਹਿੰਦੁਸਤਾਨ ਦੇ ਲੋਕਾਂ ਦੀ ਜਿਹੜੀ ਅਧੋਗਤੀ ਦੇਖੀ ਸੀ ਉਸ ਅਧੋਗਤੀ ਵਿੱਚੋਂ ਦੇਸ਼ ਵਾਸੀਆਂ ਨੂੰ ਬਾਹਰ ਕੱਢਣ ਲਈ ਉਹਨਾਂ ਨੇ ਸੁਲਤਾਨਪੁਰ ਲੋਧੀ ਦੀ ਵੇਈਂ ਨਦੀ ਵਿੱਚ ਇਸ਼ਨਾਨ ਕਰਦਿਆਂ ਹੀ ਫ਼ੈਸਲਾ ਕਰ ਲਿਆ ਕਿ ਉਹ ਦੇਸ਼ ਵਾਸੀਆਂ ਨੂੰ ਨੇਕੀ ਦਾ ਰਾਹ ਦਿਖਾਉਣ ਲਈ ਆਪਣਾ ਜੀਵਨ ਬਿਤਾਉਣਗੇ ਤੇ ਜੀਵਨ ਦਾ ਬਹੁਤ ਸਾਰਾ ਹਿੱਸਾ ਪੈਦਲ ਤੁਰ ਕੇ ਥਾਂ-ਥਾਂ ਪ੍ਰਚਾਰ ਕਰਦੇ ਰਹਿਣਗੇ । ਸ੍ਰੀ ਗੁਰੂ ਨਾਨਕ ਦੇਵ ਜੀ ਜਦ ਸਵੇਰ ਵੇਲੇ ਆਪਣੇ ਨਿੱਤ ਦੇ ਨਵੇਂ ਪੜਾਅ ਲਈ ਪੈਦਲ ਤੁਰਦੇ ਹੁੰਦੇ ਸਨ ਤਾਂ ਉਹ ਭਾਈ ਮਰਦਾਨੇ ਨੂੰ ਕਹਿੰਦੇ ਸਨ—'ਚੱਲ ਮਰਦਾਨਿਆਂ ਜੋਤਾਂ ਜਗਾਈਏ' । ਜੋਤਾਂ ਜਗਾਉਣ ਦਾ ਭਾਵ ਅਰਥ ਹੈ ਲੋਕਾਂ ਦੀਆਂ ਆਤਮਾਵਾਂ ਨੂੰ ਜਗਾਉਣਾ ਤਾਂ ਜੋ ਉਹ ਸੱਚ ਤੇ ਝੂਠ, ਨਿਆਂ ਤੇ ਅਨਿਆਂ ਦੇ ਫ਼ਰਕ ਨੂੰ ਪਰਖ ਸਕਣ ਤੇ



ਆਪਣੇ ਕਰਤੱਵਾਂ ਦੀ ਪੂਰਤੀ ਲਈ ਤਿਆਰ-ਬਰ-ਤਿਆਰ ਹੋ ਜਾਣ; ਭਾਵੇਂ ਅਜਿਹਾ ਕਰਨ ਲਈ ਜਾਨ ਕੁਰਬਾਨ ਕਰਨੀ ਪੈ ਜਾਵੇ। ਇਸ ਲਈ ਉਹ ਸਿਰ 'ਤੇ ਬਿਸਤਰਾ, ਪਾਣੀ ਕੱਢਣ ਲਈ ਲੱਜ, ਡੋਲ ਤੇ ਗੜਵੀ ਭਾਂਡੇ ਲੈ ਕੇ ਤੁਰ ਪਏ ਤੇ ਵੀਹ ਸਾਲ ਪੈਦਲ ਤੁਰਦੇ ਰਹੇ । ਪੰਜਾਬੀ ਦੀ ਕਹਾਵਤ ਹੈ—'ਨਿੱਤ ਵਾਲਾ ਪੈਂਡਾ ਬੁਰਾ' । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੋਦੀਖ਼ਾਨੇ ਦੀ ਨੌਕਰੀ ਛੱਡ ਕੇ ਨਿੱਤ ਵਾਲੇ ਪੈਂਡੇ ਦੀ ਮੁਸ਼ੱਕਤ ਦਾ ਕੰਮ ਫੜਿਆ । ਵੀਹ ਸਾਲਾਂ ਤੋਂ ਵੱਧ ਦੇ ਨਿੱਤ ਦੇ ਪੈਦਲ ਸਫ਼ਰ ਦੀ ਮੁਸ਼ੱਕਤ ਨੂੰ ਛੱਡ ਕੇ ਫੇਰ ਆਪ ਖੇਤੀ ਦੀ ਭਾਰੀ ਮੁਸ਼ੱਕਤ ਵਾਲੇ ਕੰਮ ਵਿੱਚ ਪੈ ਗਏ ਸਨ । ਤਿਰਵੰਜਾ ਸਾਲ ਦੀ ਉਮਰ ਤਕ ਆਪ ਨੇ ਪੈਦਲ ਤੁਰ ਕੇ ਸਾਰੀ ਦੁਨੀਆਂ ਦੀਆਂ ਚਾਰ ਉਦਾਸੀਆਂ ਕੀਤੀਆਂ ਸਨ । ਆਪ ਨੇ ੭੦ ਸਾਲਾਂ ਦੀ ਉਮਰ ਭੋਗੀ । ਤਿਰਵੰਜਾ ਸਾਲਾਂ ਤੋਂ ੭੦ ਸਾਲ ਦੀ ਉਮਰ ਤਕ ਆਪ ਨੇ ੧੭ ਸਾਲ ਦਾ ਸਮਾਂ ਖੇਤੀ ਕਰਦਿਆਂ ਬਿਤਾਇਆ ।

ਜਾਰਜ ਪੰਚਮ ਇੰਗਲੈਂਡ ਦੀ ਮਲਕਾ ਐਲਿਜ਼ਬੈਥ (ਦੂਜੀ) ਦਾ ਪੜਦਾਦਾ ਹੋਇਆ ਹੈ । ਉਸ ਦੀ ਮੌਤ ਸੰਨ ੧੯੩੦ ਦੇ ਲਾਗੇ ਹੋਈ ਸੀ । ਉਹਨਾਂ ਦਿਨਾਂ ਵਿੱਚ ਅੰਗਰੇਜ਼ਾਂ ਦਾ ਰਾਜ ਐਨੇ ਦੇਸ਼ਾਂ 'ਤੇ ਛਾਇਆ ਹੋਇਆ ਸੀ ਤੇ ਕਿਹਾ ਜਾਂਦਾ ਸੀ ਕਿ 'ਅੰਗਰੇਜ਼ ਦੇ ਰਾਜ ਵਿੱਚ ਸੂਰਜ ਨਹੀਂ ਛਿਪਦਾ।' ਉਸ ਦੇ ਬਾਪ ਸਤਵੇਂ ਸ਼ਹਿਨਸ਼ਾਹ ਐਡਵਰਡ ਨੇ ਉਸ ਨੂੰ ਛੇਤੀ ਹੀ ਪੜ੍ਹਨ ਤੋਂ ਹਟਾ ਲਿਆ ਸੀ ਤੇ ਸਮੁੰਦਰੀ ਜਹਾਜ਼ ਵਿੱਚ ਕੋਇਲੇ ਝੋਕਣ ਦੇ ਮੁਸ਼ੱਕਤ ਦੇ ਕੰਮ 'ਤੇ ਲਾ ਦਿੱਤਾ ਸੀ । ਤੁਰਕੀ ਦੇਸ਼ ਦੇ ਰਾਜਦੂਤ ਨੂੰ ਪਤਾ ਲੱਗਿਆ ਕਿ ਸ਼ਹਿਜ਼ਾਦਾ ਜਹਾਜ਼ ਵਿੱਚ ਕੋਇਲੇ ਝੋਕ ਰਿਹਾ ਹੈ । ਰਾਜਦੂਤ ਸ਼ਹਿਜ਼ਾਦੇ ਨੂੰ ਦੇਖਣ ਲਈ ਜਹਾਜ਼ 'ਤੇ ਚਲਾ ਗਿਆ । ਰਾਜਦੂਤ ਅੱਗੇ ਇਕ ਮੁੰਡਾ ਖੜ੍ਹਾ ਕੀਤਾ ਗਿਆ ਜਿਸ ਦੇ ਕੱਪੜੇ ਕੋਇਲੇ ਦੀ ਧੂੜ ਨਾਲ ਭਰੇ ਪਏ ਸਨ ਤੇ ਮੂੰਹ 'ਤੇ ਵੀ ਧੂੜ ਪਈ ਹੋਈ ਸੀ । ਰਾਜਦੂਤ ਗੁੱਸੇ ਹੋ ਗਿਆ ਕਿ ਤੁਸੀਂ ਮੈਨੂੰ ਮਖ਼ੌਲ ਕੀਤਾ ਹੈ । ਕੀ ਇਹ ਬਾਦਸ਼ਾਹ ਦਾ ਮੁੰਡਾ ਹੈ ? ਲੋਕਾਂ ਨੇ ਕਿਹਾ ਨਹੀਂ ਜੀ ਮਖ਼ੌਲ ਨਹੀਂ ਕੀਤਾ ਗਿਆ, ਸੱਚੀ-ਮੁੱਚੀਂ ਇਹੀ ਮੁੰਡਾ ਸ਼ਹਿਜ਼ਾਦਾ ਹੈ ।

ਅਮਰੀਕਾ ਦੇ ਪ੍ਰਧਾਨ ਜੌਹਨ ਕੈਨੇਡੀ ਨੇ ਜਦ ਦੇਖਿਆ ਕਿ ਅਮਰੀਕਾ ਦੇ ਮੁੰਡੇ ਕੁੜੀਆਂ ਸਭ ਸਕੂਲਾਂ, ਕਾਲਜਾਂ ਨੂੰ ਮੋਟਰਕਾਰਾਂ 'ਤੇ ਆਉਂਦੇ ਹਨ ਤਾਂ ਉਸ ਨੇ ਇਕ ਲੇਖ ਲਿਖਿਆ ਜਿਸ ਦਾ ਸਿਰਲੇਖ ਸੀ:—

Soft Living Undermines National Vitality.

ਅਰਥਾਤ : ਅਰਾਮ ਤਲਬੀ ਵਾਲਾ ਸੁੱਖ-ਰਹਿਣਾ ਜੀਵਨ ਦੇਸ਼-

ਵਾਸੀਆਂ ਦੀ ਜੀਵਨ ਸ਼ਕਤੀ ਨੂੰ ਕਮਜ਼ੋਰ ਕਰ ਦਿੰਦਾ ਹੈ । ਉਸ ਨੇ ਕਿਹਾ ਕਿ ਮੁੰਡਿਆਂ ਤੇ ਕੁੜੀਆਂ ਨੂੰ ਪੈਦਲ ਤੁਰਨਾ ਚਾਹੀਦਾ ਹੈ ਜਾਂ ਸਾਈਕਲਾਂ 'ਤੇ ਆਉਣਾ ਚਾਹੀਦਾ ਹੈ ।

ਪ੍ਰਿੰਸੀਪਲ ਜੋਧ ਸਿੰਘ ਜੀ ਤੜਕੇ ਢਾਈ ਵਜੇ ਉੱਠ ਕੇ ਇਸ਼ਨਾਨ ਕਰਦੇ ਸਨ । ਉਜਾਲਾ ਹੋਣ ਤਕ ਪੰਜਾਂ ਬਾਣੀਆਂ ਦੇ ਪਾਠ ਤੋਂ ਬਿਨਾਂ ਸੁਖਮਨੀ ਸਾਹਿਬ ਦਾ ਪਾਠ ਵੀ ਕਰਦੇ ਸਨ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਕੁਝ ਪੱਤਰਿਆਂ ਦਾ ਪਾਠ ਵੀ ਕਰਦੇ ਸਨ । ਫਿਰ ਗੁਰਦੁਆਰੇ ਜਾ ਕੇ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਸਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਵੀ ਕਰਦੇ ਸਨ । ਜਦ ਉਨ੍ਹਾਂ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਪ੍ਰੋਫ਼ੈਸਰ ਦੀ ਨੌਕਰੀ ਆਰੰਭ ਕੀਤੀ ਤਾਂ ਉਹ ਕਾਲਜ ਤੋਂ ਸੱਤ ਕਿਲੋਮੀਟਰ ਦੀ ਦੂਰੀ 'ਤੇ ਬਾਬਾ ਮਿਸ਼ਰਾ ਸਿੰਘ ਨਿਰਮਲੇ ਸੰਤਾਂ ਦੇ ਡੇਰੇ ਗੁਰਬਾਣੀ ਦੇ ਅਰਥ ਪੜ੍ਹਨ ਪੈਦਲ ਹੀ ਆਉਂਦੇ ਹੁੰਦੇ ਸਨ । ਸ੍ਰੀ ਦਰਬਾਰ ਸਾਹਿਬ ਆਉਣ ਜਾਣ ਤੇ ਪਰਕਰਮਾ ਦਾ ਪੈਂਡਾ ਮਿਲਾ ਕੇ ਇਕ ਕਿਲੋਮੀਟਰ ਬਣ ਜਾਂਦਾ ਹੋਵੇਗਾ । ਕਾਲਜ ਵਿੱਚ ਤੁਰਨਾ-ਫਿਰਨਾ ਵੀ ਪੈਂਦਾ ਹੈ, ਜਮਾਤ ਵਿੱਚ ਖੜ੍ਹੇ ਹੋ ਕੇ ਵਿਦਿਆਰਥੀਆਂ ਨੂੰ ਕਈ ਘੰਟੇ ਪੜ੍ਹਾਉਣਾ ਵੀ ਪੈਂਦਾ ਹੈ, ਰਾਤ ਨੂੰ ਸੌਣ ਦੇ ਵੇਲੇ ਤਕ ਪੜ੍ਹਨਾ, ਵਿਦਿਆਰਥੀਆਂ ਨੂੰ ਜੋ ਪੜ੍ਹਾਉਣਾ ਹੁੰਦਾ ਪਹਿਲਾਂ ਉਸ ਦੀ ਆਪ ਤਿਆਰੀ ਕਰਨੀ, ਇਹ ਸਾਰਾ ਮੁਸ਼ੱਕਤ ਦਾ ਜੀਵਨ ਸੀ । ਉਹਨਾਂ ਦੇ ਜੀਵਨ ਬਾਰੇ ਪੰਜਾਬੀ ਵਿੱਚ ਛੇ ਇਸ਼ਤਿਹਾਰ ਤੇ ਹਿੰਦੀ ਵਿੱਚ ਇਕ ਇਸ਼ਤਿਹਾਰ ਛਪ ਚੁੱਕਾ ਹੈ ਤੇ ਇਕ ਪੰਜਾਬੀ ਵਿੱਚ ਕਿਤਾਬਚਾ ਵੀ ਛਪ ਰਿਹਾ ਹੈ, ਅੰਗਰੇਜ਼ੀ ਵਿੱਚ ਵੀ ਇਸ਼ਤਿਹਾਰ ਛਪਣੇ ਹਨ । ਇਕ ਇਸ਼ਤਿਹਾਰ ਵਿੱਚ ਉਹਨਾਂ ਦੀ ੯੦ ਸਾਲ ਦੀ ਉਮਰ ਵਾਲੀ ਤਸਵੀਰ ਵੀ ਛਪੀ ਹੈ । ਉਸ ਤਸਵੀਰ ਵਿੱਚ ਉਹ ਰਿਸ਼ਟ-ਪੁਸ਼ਟ ਤੇ ਬਹੁਤ ਖ਼ੂਬਸੂਰਤ ਨਜ਼ਰ ਆ ਰਹੇ ਹਨ । ਚਿਹਰੇ ਤੋਂ ਪ੍ਰਗਟ ਹੁੰਦਾ ਹੈ ਕਿ ਉਹਨਾਂ ਦੀ ਆਤਮਿਕ ਜੋਤ ਜਗ ਰਹੀ ਹੈ । ਉਹ ੯੯ ਸਾਲ ੬ ਮਹੀਨੇ ੪ ਦਿਨ ਦੀ ਉਮਰ ਭੋਗ ਕੇ ਸੰਸਾਰ ਤੋਂ ਵਿਦਾ ਹੋਏ । ਉਹਨਾਂ ਦੀ ਮੌਤ ਕਿਸੇ ਰੋਗ ਦੇ ਕਾਰਣ ਨਾ ਹੋਈ । ਜਿੰਨਾ ਤੇਲ ਕਿਸੇ ਮਨੁੱਖ ਦੀ ਜ਼ਿੰਦਗੀ ਦੇ ਦੀਵੇ ਨੂੰ ਜਗਣ ਲਈ ਕੁਦਰਤ ਵੱਲੋਂ ਮਿਲਦਾ ਹੁੰਦਾ ਹੈ ਉਹਨਾਂ ਨੇ ਉਸ ਤੇਲ ਨੂੰ ਸੰਭਾਲ ਕੇ ਰੱਖਿਆ ਸੀ; ਉਸ ਨੂੰ ਅਜਾਈਂ ਨਹੀਂ ਗਵਾਇਆ ਸੀ । ਉਹਨਾਂ ਦੀਆਂ ਅੱਖਾਂ, ਦਿਮਾਗ਼ ਤੇ ਸਰੀਰ ਦੇ ਸਾਰੇ ਅੰਗ ਅਖ਼ੀਰਲੇ ਦਮ ਤਕ ਕੰਮ ਕਰਦੇ ਰਹੇ ਸਨ ਤੇ ਤੁਰਦੇ-ਫਿਰਦੇ ਰਹੇ ਸਨ । ਇਹ ਗੁਰਸਿੱਖੀ ਦਾ ਚਮਤਕਾਰ ਸੀ ਜੋ ਉਹਨਾਂ ਦੀ ਜ਼ਿੰਦਗੀ ਵਿੱਚ ਪ੍ਰਗਟ ਹੋਇਆ । ਮੈਂ ਉਹਨਾਂ



ਦੀਆਂ ਤਿੰਨ ਤਸਵੀਰਾਂ ਵੱਖਰੇ ਇਸ਼ਤਿਹਾਰ ਵਿੱਚ ਛਾਪਣੀਆਂ ਹਨ । ਇਕ ਲੜਕਪਨ ਦੀ ਤਸਵੀਰ ਸਾਢੇ ਸੋਲਾਂ ਸਾਲ ਦੀ ਉਮਰ ਦੀ ਹੋਵੇਗੀ, ਇਕ ੨੭ ਕੁ ਸਾਲ ਦੀ ਤੇ ਇਕ ੮੦ ਸਾਲ ਦੀ ਉਮਰ ਦੀ ਹੈ । ਲੜਕਪਨ ਦੀ ਤਸਵੀਰ ਵਿੱਚ ਕੋਈ ਚਮਕ-ਦਮਕ ਨਹੀਂ ਹੈ, ਉਹ ਇਕ ਲੱਖਾਂ ਪੱਤਿਆਂ ਤੇ ਹਜ਼ਾਰਾਂ ਟਹਿਣੀਆਂ ਵਾਲੇ ਪਿੱਪਲ ਦੇ ਬੀਜ ਨੂੰ ਪ੍ਰਗਟ ਕਰਦੀ ਹੈ ਜਿਹੜਾ ਇਕ ਨਹੁੰ ਜਿੰਨਾ ਹੁੰਦਾ ਹੈ । ਕੋਈ ਰੁੱਖ ਇਤਨਾ ਤਦ ਹੀ ਵਧ-ਫੁਲ ਸਕਦਾ ਹੈ ਜੇ ਉਸ ਨੂੰ ਹਵਾ, ਪਾਣੀ ਤੇ ਧੁੱਪ ਮਿਲਦੇ ਰਹਿਣ, ਧਰਤੀ ਉਪਜਾਊ ਹੋਵੇ । ਭਾਈ ਜੋਧ ਸਿੰਘ ਨੇ ਸਿੱਖ ਧਰਮ ਦੀ ਮਰਯਾਦਾ ਅਨੁਸਾਰ ਜੀਵਨ ਬਿਤਾਇਆ । ਇਸ ਮਰਯਾਦਾ ਨੇ ਉਨ੍ਹਾਂ ਦੀਆਂ ਸਰੀਰ, ਬੁੱਧੀ ਤੇ ਹਿਰਦੇ ਦੀਆਂ ਸ਼ਕਤੀਆਂ ਦੀ ਪ੍ਰਫੁੱਲਿਤਾ ਕੀਤੀ ਤੇ ਚਮਕਦੇ ਹੋਏ ਜੀਵੇ, ਮਹਾਨ ਵਿਦਵਾਨ ਬਣੇ । ਉਨ੍ਹਾਂ ਨੇ ਕਈ ਪੁਸਤਕਾਂ ਪੰਜਾਬੀ ਤੇ ਅੰਗਰੇਜ਼ੀ ਵਿੱਚ ਲਿਖੀਆਂ ਹਨ, ਜਿਨ੍ਹਾਂ ਵਿੱਚੋਂ 'ਗੁਰਮਤਿ ਨਿਰਣੈ' ਪੁਸਤਕ ਸਿਰ-ਕੱਢ ਹੈ । ਅਜਿਹੇ ਕਿਤਾਬਚਿਆਂ ਤੇ ਇਸ਼ਤਿਹਾਰਾਂ ਦੀ ਮੁਫ਼ਤ ਵੰਡਾਈ ਲਈ ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢ ਕੇ ਦਾਨ ਭੇਜੋ । -ਭਗਤ ਪੂਰਨ ਸਿੰਘ

**ਦੇਸ਼ ਤੇ ਸੰਸਾਰ ਦੀਆਂ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਦੀ ਖੋਜ ਵਾਲੇ ਤੇ ਪ੍ਰਚਾਰ ਲਈ**

## ਵੰਡੇ ਜਾ ਰਹੇ ਪਿੰਗਲਵਾੜੇ ਦੇ ਕਿਤਾਬਚਿਆਂ

**ਤੇ ਇਸ਼ਤਿਹਾਰਾਂ ਦੇ ਕਾਰਜ ਵਿੱਚ ਸ਼ਾਮਲ ਹੋ ਕੇ ਦੇਸ਼ ਤੇ ਸੰਸਾਰ ਵਿੱਚ ਸੁੱਖ-ਸ਼ਾਂਤੀ ਲਿਆਉਣ ਲਈ ਆਪਣਾ ਹਿੱਸਾ ਪਾਓ**

# GOVERNMENT OF THE COMMUNITY

If we look upon democracy as a mark of civilization, the budding citizen must not take things for granted, but must know how they have come into being, must know their value, and consequently learn to cherish and fight for their preservation when they are challenged. Before the form to be taken by education for citizenship can be determined, the young citizen should

understand what underlies the appeals of democracy and of dictatorship. One of the conscious and deliberate aims of teacher must therefore be to interest his pupils in the affairs of the modern world and thus help to develop a wise social judgement. This is not done at any rate, in normal times, anywhere near enough. In fact, just as in science or medicine, so in national and international affairs, the public in general is far too opathetic and shows little or no interest until something goes wrong, such as war. How many times have we heard people say recently, "I have learned more geography and history during this war than I had learned in the rest of my life before."

Book—Social Studies & World Citizenship
By-L.J.F. Brimble, Manchester, England.

## ਭਾਈਚਾਰੇ ਦੀ ਸਰਕਾਰ

ਜੇਕਰ ਅਸੀਂ ਲੋਕ-ਰਾਜ ਨੂੰ ਸੱਭਿਅਤਾ ਦਾ ਲੱਛਣ ਗਿਣਦੇ ਹਾਂ ਤਾਂ ਫਿਰ ਜੀਵਨ ਦੇ ਪੰਧ ਵਿੱਚ ਪੈਰ ਧਰਨ ਲੱਗੇ ਹਰ ਨਾਗਰਿਕ ਨੂੰ ਲੋਕ-ਰਾਜ ਦੀ ਹਰ ਚੀਜ਼ ਚੁੱਪ-ਚਾਪ ਨਹੀਂ ਮੰਨ ਲੈਣੀ ਚਾਹੀਦੀ, ਬਲਕਿ ਇਹ ਪਤਾ ਵੀ ਜ਼ਰੂਰ ਕਰਨਾ ਚਾਹੀਦਾ ਹੈ ਕਿ ਉਹ ਚੀਜ਼ ਕਿਵੇਂ ਪੈਦਾ ਹੋਈ । ਉਸ ਨੂੰ ਉਨ੍ਹਾਂ ਚੀਜ਼ਾਂ ਦੀ ਮਹਾਨਤਾ ਸਮਝਣੀ ਚਾਹੀਦੀ ਹੈ, ਉਨ੍ਹਾਂ ਨਾਲ ਪਿਆਰ ਕਰਨਾ ਚਾਹੀਦਾ ਹੈ ਤੇ ਜਦ ਕਦੀ ਉਹਨਾਂ ਲਈ ਖ਼ਤਰਾ ਪੈਦਾ ਹੋਵੇ ਤਾਂ ਉਹਨਾਂ ਨੂੰ ਬਚਾਉਣ ਲਈ ਲੜਨਾ ਚਾਹੀਦਾ ਹੈ ਕਿ ਨਾਗਰਿਕਤਾ ਦਾ ਰੂਪ ਵਿੱਦਿਆ ਦੁਆਰਾ ਨਿਸ਼ਚਿਤ ਕਰਨ ਤੋਂ ਪਹਿਲਾਂ ਉਸ ਨੂੰ ਇਸ ਗੱਲ ਦਾ ਪਤਾ ਕਰਨਾ ਚਾਹੀਦਾ ਹੈ ਕਿ ਲੋਕ-ਰਾਜ ਅਤੇ ਡਿਕਟੇਟਰੀ ਦੇ ਹੱਕ ਵਿੱਚ ਕੀਤੀਆਂ ਜਾਣ ਵਾਲੀਆਂ ਅਪੀਲਾਂ ਦੀ ਤਹਿ ਹੇਠ ਕੀ-ਕੀ ਗੱਲਾਂ ਹਨ । ਇਸ ਲਈ ਹਰ ਅਧਿਆਪਕ ਦੇ ਸੋਚੇ ਸਮਝੇ ਮਨੋਰਥਾਂ ਵਿੱਚੋਂ ਇਕ ਮਨੋਰਥ ਇਹ ਵੀ ਹੋਣਾ ਚਾਹੀਦਾ ਹੈ ਕਿ ਉਹ ਆਪਣੇ ਸ਼ਗਿਰਦਾਂ ਅੰਦਰ ਵਰਤਮਾਨ ਸੰਸਾਰ ਦੀਆਂ ਸਮੱਸਿਆਵਾਂ ਲਈ ਦਿਲਚਸਪੀ ਪੈਦਾ ਕਰੇ ਅਤੇ ਉਹਨਾਂ ਨੂੰ



ਸਮਾਜਿਕ ਸਮੱਸਿਆਵਾਂ ਉੱਤੇ ਆਪਣੇ ਸਿਆਣਪ ਭਰੇ ਵਿਚਾਰ ਪੈਦਾ ਕਰਨ ਲਈ ਹਦਾਇਤਾਂ ਦੇਵੇ । ਘੱਟੋ-ਘੱਟ ਇਸ ਸਮੇਂ ਤਾਂ ਅਜਿਹੀ ਵਿੱਦਿਆ ਘੱਟ ਹੀ ਦਿੱਤੀ ਜਾ ਰਹੀ ਹੈ । ਸੱਚ ਇਹ ਹੈ ਕਿ ਜਿਵੇਂ ਸਾਇੰਸ ਅਤੇ ਦਵਾਈ ਦੇ ਮਾਮਲੇ ਵਿੱਚ ਆਮ ਜਨਤਾ ਬੇਪ੍ਰਵਾਹ ਹੁੰਦੀ ਹੈ ਤਿਵੇਂ ਹੀ ਕੌਮੀ ਅਤੇ ਕੌਮਾਂਤਰੀ ਸਮੱਸਿਆਵਾਂ ਵਿੱਚ ਭੀ ਉਹ ਉਦੋਂ ਤਕ ਹੀ ਕੋਈ ਦਿਲਚਸਪੀ ਨਹੀਂ ਲੈਂਦੀ ਜਦੋਂ ਤਕ ਕਿ ਕੋਈ ਚੋਖਾ ਵਿਗਾੜ ਨਾ ਪੈਦਾ ਹੋ ਜਾਏ; ਜਿਵੇਂ ਕਿ ਜੰਗ ਦਾ ਆਰੰਭ ਹੋ ਜਾਣਾ । ਪਿੱਛੇ ਜਿਹੇ ਅਸੀਂ ਲੋਕਾਂ ਨੂੰ ਕਿੰਨੀ ਵਾਰ ਇਹ ਗੱਲ ਆਖਦਿਆਂ ਸੁਣਿਆ ਹੈ—"ਮੈਂ ਜਿੰਨਾ ਜੁਗਰਾਫੀਆ ਅਤੇ ਤਵਾਰੀਖ਼ ਇਸ ਜੰਗ ਦੇ ਦਿਨਾਂ ਵਿੱਚ ਪੜ੍ਹੇ ਹਨ ਉਤਨਾ ਬਾਕੀ ਸਾਰੀ ਜ਼ਿੰਦਗੀ ਵਿੱਚ ਨਹੀਂ ਪੜ੍ਹੇ ।"

—ਇੰਗਲੈਂਡ ਦੇ ਪ੍ਰੋਫ਼ੈਸਰ ਬ੍ਰਿੰਬਲ ਦੀ ਲਿਖੀ ਹੋਈ ਪੁਸਤਕ 'ਸੋਸ਼ਲ ਸਟੱਡੀਜ਼ ਐਂਡ ਵਰਲਡ ਸਿਟੀਜ਼ਨਸ਼ਿਪ' ਵਿੱਚੋਂ।

## "ਐ ਬ੍ਰਾਹਮਣ ਰਾਜਨੀਤੀ ਦੀ ਸਿੱਖਿਆ ਵੀ ਮੈਂ ਤੈਥੋਂ ਲਵਾਂਗਾ"

ਉੱਪਰ ਲਿਖੇ ਸ਼ਬਦ ਹਿੰਦੂ ਧਰਮ ਦੇ ਕਿਸੇ ਸ਼ਾਸਤਰ ਦੇ ਹਨ ਤੇ ਇਹ ਕਿਸੇ ਜਜਮਾਨ ਵੱਲੋਂ ਆਪਣੇ ਬ੍ਰਾਹਮਣ ਪ੍ਰੋਹਿਤ ਨੂੰ ਕਹੇ ਗਏ ਹਨ । ਇਹਨਾਂ ਸ਼ਬਦਾਂ ਦਾ ਭਾਵ-ਅਰਥ ਇਹ ਹੈ ਕਿ ਇਕ ਗ੍ਰਿਹਸਥੀ ਬੰਦਾ ਆਪਣੇ ਦਿਨ-ਪ੍ਰਤੀ-ਦਿਨ ਦੇ ਸਵੇਰ ਤੋਂ ਸ਼ਾਮ ਤਕ ਦੇ ਕੰਮਾਂ ਵਿੱਚ ਏਨਾ ਰੁੱਝਿਆ ਰਹਿੰਦਾ ਹੈ ਕਿ ਉਸ ਨੂੰ ਆਪਣੇ ਕੰਮ ਨੂੰ ਛੱਡ ਕੇ ਨਾ ਹੀ ਸਥਾਨਿਕ ਤੌਰ 'ਤੇ ਅਤੇ ਨਾ ਹੀ ਦੂਰ-ਦੁਰਾਡੇ ਥਾਵਾਂ 'ਤੇ ਪੁੱਜ ਕੇ ਕਿਸੇ ਪ੍ਰਕਾਰ ਦਾ ਗਿਆਨ ਪ੍ਰਾਪਤ ਕਰਨ ਦਾ ਸਮਾਂ ਮਿਲਿਆ ਕਰਦਾ ਹੈ । ਜਿਸ ਕਦੀਮੀ ਸਮੇਂ ਇਹ ਸਲੋਕ ਰਚਿਆ ਗਿਆ ਸੀ ਉਸ ਸਮੇਂ ਨਾ ਛਾਪਾਖ਼ਾਨਾ ਸੀ, ਜਿਸ ਨਾਲ ਵਰਤਮਾਨ ਕਾਲ ਵਿੱਚ ਪੁਸਤਕਾਂ, ਅਖ਼ਬਾਰਾਂ ਤੇ ਸਪਤਾਹਿਕ ਤੇ ਮਾਸਿਕ-ਪੱਤਰ ਛਪਦੇ ਹਨ, ਨਾ ਹੀ ਰੇਡੀਓ ਤੇ ਟੈਲੀਵਿਜ਼ਨ, ਜਿਨ੍ਹਾਂ ਸਾਧਨਾਂ ਦੁਆਰਾ ਵਰਤਮਾਨ ਯੁੱਗ ਵਿੱਚ ਲੋਕੀਂ ਆਪਣੇ ਘਰਾਂ ਵਿੱਚ ਬੈਠੇ ਹੋਏ ਅਨੇਕ ਪ੍ਰਕਾਰ ਦਾ ਗਿਆਨ ਪ੍ਰਾਪਤ ਕਰ ਰਹੇ ਹਨ ਤੇ ਨਾ ਹੀ ਉਸ ਸਮੇਂ ਵਿੱਚ ਸਿਨੇਮਾ

ਹੀ ਈਜਾਦ ਹੋਇਆ ਸੀ, ਜਿਸ ਦੁਆਰਾ ਅੱਜ ਸ਼ਹਿਰਾਂ ਦੇ ਲੋਕੀਂ ਅਨੇਕ ਪ੍ਰਕਾਰ ਦਾ ਗਿਆਨ ਪ੍ਰਾਪਤ ਕਰ ਸਕਦੇ ਹਨ । ਉਨ੍ਹਾਂ ਦਿਨਾਂ ਵਿੱਚ ਹਰ ਤਰ੍ਹਾਂ ਦਾ ਸਮਾਜਿਕ ਗਿਆਨ ਪ੍ਰਾਪਤ ਕਰਨ ਲਈ ਬੰਦੇ ਨੂੰ ਹਰ ਸਾਲ ਆਉਣ ਵਾਲੇ, ਛੇ ਸਾਲਾਂ ਮਗਰੋਂ ਆਉਣ ਵਾਲੇ ਤੇ ਬਾਰਾਂ ਸਾਲਾਂ ਮਗਰੋਂ ਆਉਣ ਵਾਲੇ ਹਰਦੁਆਰ ਇਲਾਹਾਬਾਦ (ਪ੍ਰਯਾਗ ਰਾਜ) ਵਰਗੇ ਤੀਰਥਾਂ ਦੇ ਕੁੰਭਾਂ ਨੂੰ ਜਾਣ ਦੀ ਲੋੜ ਹੁੰਦੀ ਸੀ, ਜਿਨ੍ਹਾਂ ਅਵਸਰਾਂ 'ਤੇ ਦੇਸ਼ ਦੇ ਵੱਡੇ-ਵੱਡੇ ਵਿਦਵਾਨ ਜਨਤਾ ਨੂੰ ਦੇਸ਼ ਤੇ ਦੁਨੀਆਂ ਦੀਆਂ ਸਮੱਸਿਆਵਾਂ ਉੱਤੇ ਖੋਜ-ਭਰਪੂਰ ਵਿਖਿਆਨ ਦਿੱਤਾ ਕਰਦੇ ਸਨ ।

ਉਹਨਾਂ ਸਮਿਆਂ ਵਿੱਚ ਸਮਾਜ ਨੂੰ ਧਾਰਮਿਕ, ਰਾਜਸੀ ਤੇ ਸਮਾਜਿਕ ਗਿਆਨ ਪ੍ਰਾਪਤ ਕਰਨ ਤੇ ਉਸ ਦੇ ਪ੍ਰਚਾਰ ਲਈ ਅਜਿਹੇ ਬੰਦਿਆਂ ਦੀ ਲੋੜ ਹੁੰਦੀ ਸੀ ਜਿਹੜੇ ਆਪਣੇ ਘਰਾਂ ਵਿੱਚ ਬੈਠੇ ਹੋਏ ਤੇ ਦੂਰ-ਦੁਰਾਡੇ ਪੁੱਜ ਕੇ ਵਿਦਵਾਨਾਂ ਪਾਸੋਂ ਗਿਆਨ ਪ੍ਰਾਪਤ ਕਰਦੇ ਸਨ । ਇਸ ਲਈ ਭਾਰਤ ਦੇ ਸਮਾਜ ਦੇ ਬਾਨ੍ਹਣੂੰ ਬੰਨ੍ਹਣ ਵਾਲੇ ਸ਼ਾਸ਼ਤਰਕਾਰਾਂ ਨੇ ਇਕ ਅਜਿਹੀ ਜਮਾਤ ਪੈਦਾ ਕੀਤੀ ਜਿਸ ਦਾ ਕੰਮ ਹਰ ਪ੍ਰਕਾਰ ਦੇ ਗਿਆਨ ਦੀ ਖੋਜ ਕਰਨਾ ਤੇ ਉਸ ਦਾ ਪ੍ਰਚਾਰ ਕਰਨਾ ਹੀ ਥਾਪਿਆ ਗਿਆ । ਉਹ ਜਮਾਤ ਬ੍ਰਾਹਮਣਾਂ ਦੀ ਜਮਾਤ ਸੀ ਤੇ ਉਹਨਾਂ ਦੇ ਗੁਜ਼ਾਰੇ ਲਈ ਜੰਮਣ-ਮਰਨ, ਦਿਨ-ਦਿਹਾਰ ਤੇ ਹੋਰਨਾਂ ਅਨੇਕਾਂ ਖ਼ੁਸ਼ੀ-ਗ਼ਮੀ ਦੇ ਅਵਸਰਾਂ ਉੱਤੇ ਦਾਨ ਦੇ ਏਨੇ ਬਾਨ੍ਹਣੂੰ ਬੰਨੇ ਗਏ ਕਿ ਕੁਝ ਜਜਮਾਨਾਂ ਦੇ ਘਰਾਂ ਦੇ ਸਿਰ ਉੱਤੇ ਹੀ ਇਕ ਬ੍ਰਾਹਮਣ ਪਰਿਵਾਰ ਦਾ ਚੰਗਾ ਗੁਜ਼ਾਰਾ ਚੱਲ ਜਾਂਦਾ ਸੀ ।

ਪੁਰਾਣਾ ਜ਼ਮਾਨਾ ਟਿਕਵੀਂ ਚਾਲ ਨਾਲ ਤੁਰਦਾ ਸੀ ਤੇ ਉਸ ਵਿੱਚ ਬੰਦੇ ਦੇ ਰਹਿਣ-ਸਹਿਣ ਦੇ ਢੰਗ ਹਜ਼ਾਰਾਂ ਸਾਲਾਂ ਤਕ ਇਕੋ ਜਿਹੇ ਰਹਿੰਦੇ ਸਨ, ਜਿਨ੍ਹਾਂ ਵਿੱਚ ਕੋਈ ਅਦਲਾ-ਬਦਲੀ ਨਾ ਹੋਈ । ਪਰ ਵਰਤਮਾਨ ਕਾਲ ਦੀ ਮਸ਼ੀਨੀ ਸੱਭਿਅਤਾ ਨੇ ਬੰਦੇ ਦੇ ਰਹਿਣ-ਸਹਿਣ ਦੇ ਢੰਗਾਂ ਵਿੱਚ ਬੜੀ ਅਦਲਾ-ਬਦਲੀ ਕਰ ਦਿੱਤੀ ਹੈ ਤੇ ਉਹਨਾਂ ਵਿੱਚ ਹਰ ਪਲ ਹੋਰ ਵਾਧਾ ਹੁੰਦਾ ਰਹਿੰਦਾ ਹੈ। ਇਸ ਲਈ ਬੰਦੇ ਨੂੰ ਹਰੇਕ ਪ੍ਰਕਾਰ ਦੇ ਖ਼ਤਰਿਆਂ ਤੋਂ ਬਚਣ, ਸੁੱਖ-ਸ਼ਾਂਤੀ ਨਾਲ ਜਿਊਣ ਤੇ ਉੱਨਤੀ ਕਰਨ ਲਈ ਅਨੇਕ ਪ੍ਰਕਾਰ ਦੇ ਗਿਆਨ ਦੀ ਖੋਜ ਦੀ ਲੋੜ ਰਹਿੰਦੀ ਹੈ । ਇਸ ਕਾਰਜ ਲਈ ਵਰਤਮਾਨ ਕਾਲ ਵਿੱਚ ਅਜਿਹੇ ਬੰਦਿਆਂ ਦੀ ਲੋੜ ਹੈ ਜਿਹੜੇ ਆਪਣੇ ਲੜਕਪਨ ਦੇ ਸਮੇਂ ਆਪਣਾ



ਸਾਰਾ ਜੀਵਨ ਦੇਸ਼ ਤੇ ਸੰਸਾਰ ਦੀਆਂ ਸਮੱਸਿਆਵਾਂ ਦੀ ਖੋਜ ਤੇ ਜਨਤਾ ਵਿੱਚ ਉਸ ਦੇ ਪ੍ਰਚਾਰ ਲਈ ਸਾਧਾਂ ਵਾਂਗ ਲਗਾ ਦੇਣ ।

ਸੰਨ ੧੯੨੭ ਵਿੱਚ ਕੁਝ ਮਹੀਨੇ ਮਹਾਤਮਾ ਗਾਂਧੀ ਦੇ ਸਪਤਾਹਿਕ ਅੰਗਰੇਜ਼ੀ ਅਖ਼ਬਾਰ 'ਯੰਗ ਇੰਡੀਆ' ਪੜ੍ਹਨ ਦਾ ਅਵਸਰ ਮੈਨੂੰ ਲਾਹੌਰ ਸ਼ਹਿਰ ਵਿੱਚ ਮਿਲਿਆ । ਉਸ ਅਖ਼ਬਾਰ ਦੇ ਲੇਖਾਂ ਨੂੰ ਪੜ੍ਹ ਕੇ ਮੈਨੂੰ ਪਤਾ ਲੱਗਿਆ ਕਿ ਦੇਸ਼ ਦੀ ਆਰਥਿਕ ਹਾਲਤ ਬਹੁਤ ਖ਼ਰਾਬ ਹੈ ਤੇ ਉਸ ਦਾ ਵੱਡਾ ਕਾਰਨ ਪਿੰਡਾਂ ਦੀ ਹੱਥ ਕੱਤੇ ਤੇ ਹੱਥ ਬੁਣੇ ਕੱਪੜੇ ਦੀ ਘਰੇਲੂ ਦਸਤਕਾਰੀ ਦਾ ਬਰਬਾਦ ਹੋਣਾ ਹੈ ਜਿਹੜੀ ਬਰਬਾਦੀ ਉਸ ਵੇਲੇ ਦੀ ਵਿਦੇਸ਼ੀ ਹਕੂਮਤ ਦੇ ਹੱਥੋਂ ਹੋਈ ਹੈ । ਉਸ ਸਰਕਾਰ ਨੇ ਅਜਿਹਾ ਇਸ ਲਈ ਕੀਤਾ ਕਿ ਉਸ ਦੇ ਆਪਣੇ ਦੇਸ਼ ਦੇ ਕਾਰਖ਼ਾਨਿਆਂ ਦਾ ਕਰੋੜਾਂ ਰੁਪਏ ਦਾ ਕੱਪੜਾ ਭਾਰਤ ਵਿੱਚ ਆ ਕੇ ਹਰ ਸਾਲ ਵਿਕ ਸਕੇ । ਦੇਸ਼ ਦੀ ਚਿੰਤਾਜਨਕ ਆਰਥਿਕ ਹਾਲਤ ਦਾ ਪਤਾ ਲੱਗਣ ਉੱਤੇ ਮੈਂ ਉਸੇ ਵੇਲੇ ਹੀ ਇਹ ਫ਼ੈਸਲਾ ਕਰ ਲਿਆ ਸੀ ਕਿ ਮੈਂ ਆਪਣਾ ਜੀਵਨ ਦੇਸ਼ ਦੀ ਉਸ ਹਾਲਤ ਨੂੰ ਸੁਆਰਣ ਲਈ ਅਰਪਣ ਕਰਾਂ । ਅਜਿਹਾ ਕਰਨ ਲਈ ਮੈਨੂੰ ਸਾਰੀ ਉਮਰ ਦੇਸ਼ ਦੀ ਹਰ ਸਮੱਸਿਆ ਦੀ ਖੋਜ ਕਰਨ ਤੇ ਉਸ ਖੋਜ ਦੇ ਪ੍ਰਚਾਰ ਲਈ ਹਰ ਸੰਭਵ ਯਤਨ ਕਰਨਾ ਪਿਆ ਹੈ । ਮੈਂ ਵਾਹਿਗੁਰੂ ਦਾ ਲੱਖ-ਲੱਖ ਸ਼ੁਕਰ ਕਰਦਾ ਹਾਂ । ਕਿ ਮੈਂ ਸੰਨ ੧੯੯੮ ਦੀ ਆਪਣੀ ਵਰਤਮਾਨ ਕਾਲ ਦੀ ੮੪ ਸਾਲਾਂ ਦੀ ਉਮਰ ਤਕ ਆਪਣੀ ਖੋਜ ਦੀ ਉਸ ਲਗਨ ਨੂੰ ਕਾਇਮ ਰੱਖ ਸਕਿਆ ਹਾਂ ਜਿਹੜੀ ਖੋਜ ਗੁਰਦੁਆਰਾ ਡੇਹਰਾ ਸਾਹਿਬ ਦੀ ਓਟ ਵਿੱਚ ਸੰਨ ੧੯੨੮ ਵਿੱਚ ਲਾਹੌਰ ਸ਼ਹਿਰ ਵਿੱਚੋਂ ਆਰੰਭ ਹੋਈ ਸੀ ਤੇ ੧੯੪੭ ਦੀ ਦੇਸ਼ ਦੀ ਵੰਡ ਤਕ ਲਾਹੌਰ ਸ਼ਹਿਰ ਵਿੱਚ ਚਲਦੀ ਰਹੀ ਤੇ ਦੇਸ਼ ਦੀ ਵੰਡ ਪਿੱਛੋਂ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਵਿੱਚ ਸ੍ਰੀ ਦਰਬਾਰ ਸਾਹਿਬ ਦੀਆਂ ਸੰਗਤਾਂ ਰਾਹੀਂ ਲਗਾਤਾਰ ਚਲਦੀ ਜਾ ਰਹੀ ਹੈ । ਦੇਸ਼ ਦੀ ਰਾਜਨੀਤੀ ਦੀ ਖੋਜ ਕਰਨ ਦੀ ਲੋੜ ਵੀ ਮੈਨੂੰ ਨਾਲ ਹੀ ਪੈ ਗਈ ਸੀ । ਅੱਜ ਭਾਰਤ ਵਿੱਚ ਪਰਜਾ-ਤੰਤਰ ਲਈ ਜੋ ਖ਼ਤਰਾ ਪੈਦਾ ਹੋ ਰਿਹਾ ਹੈ ਉਸ ਲਈ ਪੂਰੀ-ਪੂਰੀ ਚਿੰਤਾ ਮੈਂ ਪਿਛਲੇ ਪੈਂਤੀ ਸਾਲਾਂ ਤੋਂ ਕਰ ਰਿਹਾ ਹਾਂ ਤੇ ਉਸ ਸਮੇਂ ਤੋਂ ਹੀ ਉਸ ਦੀ ਰੱਖਿਆ ਲਈ ਉਚਿਤ ਜਾਣਕਾਰੀ ਆਪਣੇ ਇਸ਼ਤਿਹਾਰਾਂ ਦੁਆਰਾ ਦੇਸ਼ ਦੀ ਜਨਤਾ ਨੂੰ ਦੇਣ ਦਾ ਯਤਨ ਕਰਦਾ ਆ ਰਿਹਾ ਹਾਂ । ਅਮਰੀਕਾ ਵਿੱਚ ਛਪੀ ਇਕ ਅੰਗਰੇਜ਼ੀ ਪੁਸਤਕ ਦੇ ਅਧਾਰ 'ਤੇ

ਪਰਜਾ-ਤੰਤਰ ਦੀ ਰੱਖਿਆ ਲਈ ਲਿਖਿਆ ਗਿਆ ਹੇਠ ਲਿਖਿਆ ਲੇਖ, ਜਿਸ ਨੂੰ ਕੁਝ ਸਾਲਾਂ ਤੋਂ ਇਸ਼ਤਿਹਾਰ ਦੇ ਰੂਪ ਵਿੱਚ ਛਾਪ ਕੇ ਘਰ-ਘਰ ਵੰਡਣ ਦਾ ਯਤਨ ਕਰ ਰਿਹਾ ਹਾਂ ਅਜਿਹਾ ਹੈ ਜਿਸ ਬਾਰੇ ਭਾਰਤ ਦੇ ਫ਼ਰਾਂਸ ਦੇਸ਼ ਵਿੱਚ ਰਾਜਦੂਤ ਮਲਿਕ ਹਰਦਿੱਤ ਸਿੰਘ ਨੇ ਆਖਿਆ ਸੀ ਕਿ ਪਰਜਾ-ਤੰਤਰ ਦੀ ਰੱਖਿਆ ਲਈ ਇਹ ਇਸ਼ਤਿਹਾਰ ਭਾਰਤ ਦੇ ਘਰ-ਘਰ ਵਿੱਚ ਪਹੁੰਚਾਇਆ ਜਾਣਾ ਚਾਹੀਦਾ ਹੈ ।

## DEMOCRACY AND RELIGION

Book Review-"This Nation Under God" By Arthur E. Holt. Chicago: Willett, Clark and Company, 1939 Pp. 205,2.00

This volume contains the series of lectures delivered by Dr. Holt under the Rauschenbusch Foundation at the Colgeate Rochester Divinity School in 1938. In the book the author makes a strong case for democracy which, as a form of government, has been at a discount since the last World War. His faith in democracy seems to be rooted in his conception of human nature and of the purpose of God in the Universe. When the dominating conception of human nature is too narrow, it gives rise to forms of government which are more restrictive than liberating. As a result, such political theories as Fascism and Communism, glorify the state and ignore the worth and dignity of the individual. Nevertheless man, because of his infinite capacity to adapt himself, finds his place in a variety of social arrangements. But this is not the same thing as saying that they are completely satisfying.

All the same, it must be admitted that in no instance has society been built up from a truly adequate



conception of human nature. However, Prof. Holt believes that under democracy some such result can be obtained. "As things stand," he says, democracy seems to be holding on to God and freedom, and neglecting responsibility and common welfare, while totalitarian States are holding on to responsibility and common welfare, and rejecting God and freedom." If democracy is to be saved and if democratic ends are to be achieved, Dr. Holt maintains, religion must play its part in creating an environment which can produce democratic men. Since democracy in its American expression has been closely associated with Protestantism , he devotes the major portion of the book to a discussion of the place and function of Christianity, and of its institutional form, the Church, in the creation of a democratic social order.

The building of a unified society of public-minded individuals presupposes so the author tells us, the discovery of a heirarchy of values which can be the objects of human loyalty and which will give to the inner life of man a sense of unity, wholeness and dignity. This, Dr. Holt points out, is primarily a problem in the realm in which religion operates, it is at this point that democracy makes its contact with religion, for the real basis of democracy is moral; only men who trust one another and demand for others the same rights that they demand for themselves, are capable of acting responsibly.

But the State , by its very nature, cannot be the final teacher of morals. It is the business of religion to make its members spiritually mature and to fit them for

responsible living; it is also the function of the Church to be the critic of the State. Unfortunately, however, the Church as also the School, has allowed itself to be controlled by vested interests. Both of these institutions, the author declares, should "train men in social judgement, courageous to challenge old systems and rise in rebellion against tyrannies, and emphasize duty, loyalty, faith, belief and courage for social adventuring." Only when training of the will along these lines is seriously taken up by the Church and the School will it be possible to generate responsible living. The Church should supply the school and society with the great motives which come welling up out of Christianity and direct them into the channels of public-mindedness. The Church should function in this way to nourish the roots of democracy, for democracy needs a more strenuous and more truly human ethic, and this is found in the "consonants" of Christianity.

—From the 'Indian Journal of Society Work,
June 1940. Volume 1, Number 1, Bombay.

ਕਿਸੇ ਦੇਸ਼ ਦੇ ਬੰਦੇ ਸਮੇਂ ਦੇ ਲੋੜੀਂਦੇ ਰਾਜਨੀਤਿਕ ਗਿਆਨ ਤੋਂ ਕਿੰਨੇ ਬੇਫ਼ਿਕਰ ਹੋਇਆ ਕਰਦੇ ਹਨ ਇਸ ਗੱਲ ਦਾ ਪਤਾ ਉਸ ਲੇਖ ਤੋਂ ਲੱਗਦਾ ਹੈ ਜੋ **'ਭਾਈਚਾਰੇ ਦੀ ਸਰਕਾਰ'** ਦੇ ਸਿਰਲੇਖ ਹੇਠ ਦਿੱਤਾ ਗਿਆ ਹੈ । ਆਪਣੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੁਆਰਾ ਜਨਤਾ ਦੇ ਘਰ-ਘਰ ਵਿੱਚ ਰਾਜਨੀਤੀ ਸਮੇਤ ਹਰ ਜ਼ਰੂਰੀ ਵਿਸ਼ੇ ਦੀ ਵਾਕਫ਼ੀ ਪੁਚਾਣ ਦਾ ਮੇਰਾ ਉੱਦਮ ਕੀ ਮਹੱਤਤਾ ਰੱਖਦਾ ਹੈ ਇਸ ਦਾ ਪਤਾ ਉਹਨਾਂ ਸ਼ਬਦਾਂ ਤੋਂ ਲੱਗਦਾ ਹੈ ਜਿਹੜੇ ਅੰਗਰੇਜ਼ ਵਿਦਵਾਨ ਜੇ.ਐਮ. ਸਾਈਮ ਦੀ ਪੁਸਤਕ 'ਮਨੁੱਖ ਤੇ ਉਸ ਦੇ ਕਰਤੱਵ' **Man and His Duties** ਵਿੱਚੋਂ ਲਏ ਗਏ ਹਨ ।



# ਦੇਸ਼ ਨੂੰ ਪਿਆਰ ਕਰਨ ਵਾਲੇ

## ਬੰਦੇ ਦੇ ਦੋ ਵੱਡੇ ਕਰਤੱਵ

ਉਹ (ਦੇਸ਼ ਭਗਤ) ਬੜੇ ਉਤਸ਼ਾਹ ਨਾਲ ਆਪਣੇ ਦੇਸ਼-ਵਾਸੀਆਂ ਦੀ ਵਾਕਫ਼ੀਅਤ ਨੂੰ ਵਧਾਉਣ ਤੇ ਉਨ੍ਹਾਂ ਦੀਆਂ ਸਦਾਚਾਰ ਦੀਆਂ ਆਦਤਾਂ ਨੂੰ ਅੱਗੇ ਨਾਲੋਂ ਚੰਗਿਆਂ ਬਣਾਉਣ ਵਿੱਚ ਆਪਣਾ ਪੂਰਾ ਤਾਣ ਲਾਵੇ । ਇਹ ਦੋਵੇਂ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਉੱਤੇ ਅਮਲ ਕਰਕੇ ਦੇਸ਼ ਦਾ ਹਰ ਇਮਾਨਦਾਰ ਬੰਦਾ ਭਾਵੇਂ ਉਹ ਕਿਸੇ ਵੀ ਦਰਜੇ ਦਾ ਹੋਵੇ ਆਪਣੇ ਦੇਸ਼ ਨੂੰ ਸਦਾ ਕਾਇਮ ਰਹਿਣ ਵਾਲਾ ਲਾਭ ਪਹੁੰਚਾ ਸਕਦਾ ਹੈ । ਜੇ. ਐਮ. ਸਾਈਮ ਦੀ ਅੰਗਰੇਜ਼ੀ ਪੁਸਤਕ—**'Man and His Duties'** (ਮਨੁੱਖ ਤੇ ਉਸਦੇ ਕਰਤੱਵ) ਵਿੱਚੋਂ ।

ਦੇਸ਼ ਦੇ ਵਿਦਵਾਨਾਂ ਦੀ ਨਿਗ੍ਹਾ ਵਿੱਚ ਮੇਰੇ ਲਿਖੇ ਹੋਏ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੀ ਮਹੱਤਤਾ ਦਾ ਪਤਾ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰ: ਸ. ਹਰਬੰਸ ਸਿੰਘ ਜੀ ਦੇ ਹੇਠ ਲਿਖੇ ਸ਼ਬਦਾਂ ਤੋਂ ਲੱਗ ਸਕਦਾ ਹੈ, ਜਿਹੜੇ ਉਨ੍ਹਾਂ ਨੇ ੧੪ ਨਵੰਬਰ ੧੯੭੩ ਵਾਲੇ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਦੇ ਗੁਰਪੁਰਬ ਦੇ ਅਵਸਰ ਉੱਤੇ ਕਾਲਜ ਦੇ ਗੁਰਦੁਆਰੇ ਵਿੱਚ ਹੋਏ ਮੇਰੇ ਵਿਖਿਆਨ ਪਿੱਛੋਂ ਵਿਦਿਆਰਥੀਆਂ ਨੂੰ ਸੰਬੋਧਨ ਕਰਕੇ ਕਹੇ । **"ਭਗਤ ਪੂਰਨ ਸਿੰਘ ਜੀ ਨਾਲ ਪਿਛਲੇ ਤਿੰਨ ਸਾਲਾਂ ਤੋਂ ਮੇਰਾ ਮੇਲ-ਮਿਲਾਪ ਚਲਿਆ ਆ ਰਿਹਾ ਹੈ । ਇਹਨਾਂ ਦੇ ਦਿਮਾਗ਼ ਵਿੱਚ ਬੱਚਿਆਂ ਲਈ, ਕੌਮ ਤੇ ਦੇਸ਼ ਲਈ ਬਹੁਤ ਗਿਆਨ ਹੈ । ਭਗਤ ਜੀ ਨੇ ਦੇਸ਼ ਦੇ ਬਚਾਉ ਲਈ ਦੇਸ਼-ਵਾਸੀਆਂ ਨੂੰ ਆਪਣੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੁਆਰਾ ਲੋੜੀਂਦਾ ਗਿਆਨ ਦੇਣ ਦਾ ਜੋ ਕਾਰਜ ਆਪਣੇ ਜ਼ਿੰਮੇ ਲਿਆ ਹੋਇਆ ਹੈ ਉਸ ਵਿੱਚ ਜੇ ਅਸਾਂ ਇਹਨਾਂ ਦਾ ਸਾਥ ਨਾ ਦਿੱਤਾ ਤਾਂ ਅਸੀਂ ਆਪਣੇ ਇਕ ਜ਼ਰੂਰੀ ਕਰਤੱਵ ਵੱਲ ਪਿੱਠ ਫੇਰਾਂਗੇ । ਭਗਤ ਜੀ ਕੋਲ ਏਨੀ ਵਿਦਵਤਾ ਹੈ ਕਿ ਜਦੋਂ ਉਹ ਬੋਲਣ ਲੱਗਦੇ ਹਨ ਤਾਂ ਉਨ੍ਹਾਂ ਦੇ ਦਿਮਾਗ਼ ਵਿੱਚ ਏਨੇ ਖ਼ਿਆਲ ਉੱਪਰੋਂ ਥੱਲੀ ਆ ਜਾਂਦੇ ਹਨ ਕਿ ਉਨ੍ਹਾਂ ਨੂੰ ਉਹ ਸੰਭਾਲਣੇ ਮੁਸ਼ਕਲ ਹੋ ਜਾਂਦੇ ਹਨ । ਖ਼ਿਆਲਾਂ ਦੇ ਹੜ੍ਹ ਵਿੱਚ ਇਕ ਖ਼ਿਆਲ ਦੂਜੇ ਨੂੰ ਆਪਣੀ ਲਪੇਟ ਵਿੱਚ ਲੈ ਲੈਂਦਾ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਜੋ ਸਿੱਖਿਆ ਦਇਆ ਤੇ ਸੰਤੋਖ ਦੇ ਗੁਣਾਂ ਦੀ ਸਾਨੂੰ ਮਿਲਦੀ ਹੈ ਉਸ 'ਤੇ ਭਗਤ ਜੀ ਅਮਲ ਕਰਕੇ ਵਿਖਾ**

**ਰਹੇ ਹਨ । ਵਿਦਿਆਰਥੀਆਂ ਨੂੰ ਭਗਤ ਜੀ ਤੋਂ ਸਿੱਖਿਆ ਲੈਣੀ ਚਾਹੀਦੀ ਹੈ । ਵਿਖਿਆਨ ਪ੍ਰੋਫ਼ੈਸਰਾਂ ਦੀਆਂ ਇਕੱਤਰਤਾਵਾਂ ਵਿੱਚ ਵੀ ਕਰਾਵਾਂਗੇ ਅਤੇ ਵਿਦਿਆਰਥੀਆਂ ਦੀਆਂ ਇਕੱਤਰਤਾਵਾਂ ਵਿੱਚ ਵੀ।"**

ਵਾਹਿਗੁਰੂ ਦਾ ਲੱਖ-ਲੱਖ ਸ਼ੁਕਰ ਹੈ ਕਿ ਉਸ ਨੇ ਪਿੰਗਲਵਾੜੇ ਦੇ ਰੂਪ ਵਿੱਚ ਅਜਿਹੀ ਸੰਸਥਾ ਮੈਥੋਂ ਖੜ੍ਹੀ ਕਰਾਈ ਹੈ ਜਿਸ ਦੇ ਨਾਮ 'ਤੇ ਮਾਇਆ ਆਉਂਦੀ ਹੈ ਤੇ ਉਸ ਵਿੱਚੋਂ ਮੈਂ ਲੱਖਾਂ ਰੁਪਏ ਖ਼ਰਚ ਕਰਕੇ ਹਿੰਦੀ, ਪੰਜਾਬੀ ਤੇ ਅੰਗਰੇਜ਼ੀ ਵਿੱਚ ਕਿਤਾਬਚੇ ਤੇ ਇਸ਼ਤਿਹਾਰ ਛਾਪ-ਛਾਪ ਕੇ ਮੁਫ਼ਤ ਵੰਡਦਾ ਹਾਂ। ਸਿੱਖ ਗੁਰਦੁਆਰਿਆਂ ਨੇ ਮੈਨੂੰ ਨਾ ਕੇਵਲ ਰੱਜ ਕੇ ਪੜ੍ਹਨ ਦੇ ਸਾਧਨ ਬਖ਼ਸ਼ੇ ਸਗੋਂ ਲੱਖਾਂ ਰੁਪਏ ਵੀ, ਪ੍ਰਚਾਰ ਤੇ ਅਪਾਹਿਜਾਂ ਦੀ ਸੇਵਾ-ਸੰਭਾਲ ਲਈ, ਸ੍ਰੀ ਦਰਬਾਰ ਸਾਹਿਬ ਦੀ ਓਟ ਦੁਆਰਾ ਦੇਸ਼ ਤੇ ਦੁਨੀਆਂ ਦੇ ਹਰ ਹਿੱਸੇ ਵਿੱਚੋਂ ਆ ਰਹੇ ਹਨ। ਸੰਸਾਰ ਤੇ ਦੇਸ਼ ਦੇ ਬੰਦਿਆਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਵਲਗਣ ਅੰਦਰ ਇਸ਼ਤਿਹਾਰ ਤੇ ਕਿਤਾਬਚੇ ਵੰਡ ਕੇ ਅਨੇਕਾਂ ਕੁਕਰਮਾਂ ਨੂੰ ਹਟਾਉਣ ਤੇ ਚੰਗੇ ਕੰਮ ਕਰਨ 'ਤੇ ਲਾਉਣਾ ਸ੍ਰੀ ਦਰਬਾਰ ਸਾਹਿਬ ਦਾ ਜੱਸ ਵਧਾਉਣਾ ਹੈ। ਇਸ ਕਾਰਜ ਲਈ ਮਨੀਆਰਡਰਾਂ ਦੀ ਵਰਖਾ ਕਰੋ । **"ਦਸਵੰਧ ਕੱਢਣਾ ਵੀ ਛੋਟੀ ਸ਼ਹੀਦੀ ਹੈ ।"**

## ਸਿੱਖ-ਪੰਥ ਦੇ ਸਿਰਕੱਢ ਵਿਦਵਾਨ

### ਪ੍ਰਿੰਸੀਪਲ ਤੇਜਾ ਸਿੰਘ ਦਾ ਸਰਟੀਫ਼ਿਕੇਟ

ਭਗਤ ਪੂਰਨ ਸਿੰਘ ਦਾ ਮੇਰੇ ਨਾਲ ਸੰਬੰਧ ਦਾ ਸਮਾਂ ਤਿੰਨ ਸਾਲ ਤੋਂ ਹੈ । ਇਸ ਸਮੇਂ ਅੰਦਰ ਉਹ ਮੈਨੂੰ ਸਾਹਿਤਕ ਸਰਗਰਮੀਆਂ ਦੇ ਸਿਲਸਿਲੇ ਵਿੱਚ ਕਦੇ-ਕਦੇ ਮਿਲਦੇ ਰਹੇ । ਇਸ ਸਮੇਂ ਵਿੱਚ ਮੈਂ ਉਨ੍ਹਾਂ ਦੇ ਅੰਦਰ ਸਮਾਜਿਕ ਤੇ ਸਾਹਿਤਕ ਕੰਮਾਂ ਲਈ ਅਸਾਧਾਰਣ ਉਤਸ਼ਾਹ ਵੇਖਿਆ ਹੈ ।

ਉਹਨਾਂ ਦੀ ਕੁਝ ਸਿੱਖਣ ਦੀ ਤੀਬਰਤਾ ਨੇ ਮੇਰੇ ਦਿਮਾਗ਼ੀ ਜ਼ਖੀਰਿਆਂ ਨੂੰ ਅਜਿਹਾ ਆਪਣੇ ਵੱਲ ਖਿੱਚਿਆ ਹੈ ਕਿ ਜਦੋਂ ਕਦੀ ਵੀ ਉਹ ਮੇਰੇ ਪਾਸ ਬੈਠੇ ਹਨ ਤਾਂ ਮੈਂ ਸਦਾ ਹੀ ਸਮੇਂ ਦੇ ਪ੍ਰਕਰਨ ਅਨੁਸਾਰ ਉਨ੍ਹਾਂ ਅੱਗੇ ਆਪਣੀ ਸਾਰੀ ਜਾਣਕਾਰੀ (ਵਾਕਫ਼ੀਅਤ) ਰੱਖਣ ਲਈ ਪ੍ਰੇਰਿਤ ਹੋਇਆ ਹਾਂ । ਉਹਨਾਂ ਦੀ ਮੌਜੂਦਗੀ ਨੇ ਮੈਨੂੰ ਸਦਾ ਹੀ ਹੌਲਾ ਫੁੱਲ ਕੀਤਾ ਹੈ, ਆਪਣੇ ਉਹਨਾਂ ਵਿਚਾਰਾਂ ਨੂੰ ਬਾਹਰ ਕੱਢਣ ਦਾ ਅਵਸਰ ਦੇ ਕੇ ਜਿਹੜੇ ਸਾਡੀਆਂ ਯਾਦਾਂ ਅੰਦਰ ਡੂੰਘੇ



ਦੱਬੇ ਰਿਹਾ ਕਰਦੇ ਹਨ । ੪੦ ਸਾਲਾਂ ਦੇ ਵਿੱਦਿਅਕ ਜੀਵਨ ਦੇ ਸਮੇਂ ਸਮੇਤ ਮੇਰੇ ਸਾਰੇ ਜੀਵਨ ਵਿੱਚ, ਮੈਨੂੰ ਕੇਵਲ ਇਹੋ ਇਕ ਆਦਮੀ ਲੱਭਿਆ ਹੈ ਜੋ ਮੇਰੇ ਪਾਸ ਸਾਹਿਤ ਦਾ ਇਕ ਸੰਜੀਦਾ ਤੇ ਸਭ ਤੋਂ ਵੱਧ ਗੰਭੀਰ ਵਿਦਿਆਰਥੀ ਹੋ ਕੇ ਬੈਠਿਆ ਹੈ ।

ਭਗਤ ਪੂਰਨ ਸਿੰਘ ਇਕ ਅਜਿਹੇ ਬੰਦੇ ਦੀ ਮਿਸਾਲ ਹਨ ਜਿਸ ਨੇ ਜੀਵਨ ਦੀਆਂ ਸੱਚਾਈਆਂ ਨਾਲ ਆਪਣੇ ਆਪ ਨੂੰ ਅਮਲੀ ਤੌਰ 'ਤੇ ਸੰਬੰਧਿਤ ਰੱਖਿਆ ਹੋਵੇ ਤੇ ਜਿਸ ਨੇ ਨਿਰੀ ਪੁਸਤਕਾਂ ਦੀ ਪੜ੍ਹਾਈ ਨੂੰ ਛੱਡ ਕੇ ਆਪਣੇ ਆਪ ਨੂੰ ਵਿਚਾਰਾਂ ਦੀ ਉੱਚੀ ਤੋਂ ਉੱਚੀ ਪੱਧਰ 'ਤੇ ਪਹੁੰਚਾਇਆ । ਪੁਸਤਕਾਂ ਦੀ ਪੜ੍ਹਾਈ ਨਾਲ ਬੰਦਾ ਮਾਂਗਵੀਆਂ ਸੱਚਾਈਆਂ ਨੂੰ ਇਕੱਠੀਆਂ ਕਰਦਾ ਰਹਿੰਦਾ ਹੈ, ਜਿਹੜੀਆਂ ਸਦਾ ਹੀ ਆਪਣੇ ਨਾਲ ਪੁਰਾਣੀਆਂ ਪੀੜ੍ਹੀਆਂ ਦੀ ਬਦਬੂ ਰੱਖਦੀਆਂ ਹੁੰਦੀਆਂ ਹਨ ।

ਉਸ ਦੀਆਂ ਸੱਚਾਈਆਂ ਪੁਸਤਕਾਂ ਵਿੱਚੋਂ ਨਹੀਂ ਨਿਕਲੀਆਂ ਹੋਈਆਂ, ਬਲਕਿ ਉਨ੍ਹਾਂ ਨੂੰ ਉਸ ਨੇ ਧੜਕ ਰਹੇ ਅਮਲੀ ਜੀਵਨ ਨੂੰ ਜਿਉਂਦਿਆਂ ਹੋਇਆਂ ਕੱਢਿਆ ਹੈ । ਉਸ ਦੀ ਬਾਕਾਇਦਾ ਪੜ੍ਹਾਈ ਦਸਵੀਂ ਪਾਸ ਵੀ ਨਹੀਂ ਹੈ (ਦਸਵੀਂ ਫੇਲ੍ਹ ਦੀ ਹੈ)। ਉਸ ਦਾ ਜੀਵਨ ਅਨੇਕ ਪ੍ਰਕਾਰ ਦੇ ਹੱਥਾਂ ਦੇ ਕੰਮਾਂ ਨਾਲ ਹੀ ਸੰਬੰਧਤ ਰਿਹਾ ਹੈ । ਪਰ ਫੇਰ ਵੀ ਉਸ ਨੇ ਨਾ ਕੇਵਲ ਵਿੱਦਿਆ ਹੀ ਪ੍ਰਾਪਤ ਕਰ ਲਈ ਹੈ ਬਲਕਿ ਉੱਚੇ ਦਰਜੇ ਦਾ ਸ਼ਬਦ ਕੋਸ਼ ਵੀ । ਨਵਾਬ ਕਪੂਰ ਸਿੰਘ ਜੀ ਤੇ ਭਾਈ ਫੇਰੂ ਜੀ ਦੀ ਤਰ੍ਹਾਂ ਉਹ ਨਿੱਜੀ ਤਜਰਬਿਆਂ ਨਾਲ ਗਿਆਨਵਾਨ ਹੋ ਜਾਣ ਦੀ ਇਕ ਸਭ ਤੋਂ ਵਧੀਆ ਮਿਸਾਲ ਹਨ ਜੋ ਭਾਰਤੀ ਪ੍ਰੰਪਰਾ ਦੇ ਅਨੁਕੂਲ ਹੈ । ਉਸ ਨੇ ਸਿੱਖੀ ਦੀਆਂ ਉਹਨਾਂ ਕਹਾਣੀਆਂ ਨੂੰ ਸੁਰਜੀਤ ਕਰ ਦਿੱਤਾ ਹੈ ਜਿਹੜੀਆਂ ਮੰਨਣਯੋਗ ਨਹੀਂ ਸਮਝੀਆਂ ਜਾਂਦੀਆਂ ਸਨ । ਉਸ ਨੇ ਇਕ ਨਵਾਂ ਮੋਰਚਾ ਖੜ੍ਹਾ ਕਰ ਦਿੱਤਾ ਹੈ ਤੇ ਉਹ ਹੈ ਨਰੋਆ ਸਾਹਿਤ ਪ੍ਰਸਾਰਨਾ ਜੋ ਨਵੇਂ ਖ਼ਿਆਲ ਟੁੰਬੇ, ਨਵੇਂ ਭਾਵ ਜਗਾਵੇ ਤੇ ਸਰਗਰਮ ਨੇਕੀ ਦੇ ਰੁਖ਼ ਨਵੀਆਂ ਧੱਕਾਂ ਦੇਵੇ । ਉਸ ਨੇ ਪ੍ਰਚਾਰ ਰਾਹੀਂ ਸਮਾਜ-ਭਲਾਈ ਦੀ ਇਕ ਨਵੀ ਮੁਹਿੰਮ ਚਲਾਈ ਹੈ, ਜਿਸ ਦੇ ਆਰੰਭਿਕ ਯਤਨ ਹੀ ਬੜੀਆਂ ਉਚਾਈਆਂ ਤਕ ਅੱਪੜਦੇ ਦਿੱਸ ਰਹੇ ਹਨ ।

ਸਹੀ—ਤੇਜਾ ਸਿੰਘ; ੨੩ ਫ਼ਰਵਰੀ ੧੯੫੭

ਵੀ.ਜੇ. (ਗੁਰੂ ਤੇਗ਼ ਬਹਾਦਰ) ਹਸਪਤਾਲ, ਅੰਮ੍ਰਿਤਸਰ ।

"ਭਗਤ ਪੂਰਨ ਸਿੰਘ ਇਕ ਮਾਲੀ ਹੈ । ਇਸ ਨੇ ਸਾਹਿਤ ਦੇ ਸੁੰਦਰ ਬਾਗ਼ਾਂ ਵਿੱਚੋਂ ਕੋਈ ਸੋਹਣੇ-ਸੋਹਣੇ ਫੁੱਲ ਚੁਗੇ ਹੋਏ ਹਨ । ਮਾਲੀ ਬਣਨ ਦਾ ਅਨੋਖਾ ਅਤੇ ਵਿਸ਼ੇਸ਼ ਅਧਿਕਾਰ ਹਰ ਇਕ ਬੰਦੇ ਦੇ ਹਿੱਸੇ ਨਹੀਂ ਆਇਆ ਕਰਦਾ । ਸੇਵਾ ਦਾ ਵਿਸ਼ੇਸ਼ ਤੇ ਉੱਚਾ ਅਧਿਕਾਰ ਰੱਖਦਿਆਂ ਹੋਇਆਂ ਉਸ ਨੂੰ ਮਨੁੱਖਤਾ ਦੇ ਨੀਵੇਂ ਤੋਂ ਨੀਵੇਂ ਤੇ ਉੱਚੇ ਤੋਂ ਉੱਚੇ ਪੱਧਰ ਉੱਤੇ ਰਹਿਣਾ ਪਿਆ ਕਰਦਾ ਹੈ । ਇਹ ਪੁਸਤਕ ਦੀ ਸ਼ਕਲ ਵਿੱਚ ਫੁੱਲਾਂ ਦਾ ਇਕ ਗੁਲਦਸਤਾ ਪੇਸ਼ ਕੀਤਾ ਗਿਆ ਹੈ । ਜਿਹੜੇ ਬੰਦੇ ਇਸ ਪੁਸਤਕ ਨੂੰ ਪੜ੍ਹਨ ਦੇ ਵਿਸ਼ੇਸ਼ ਅਧਿਕਾਰ ਦਾ ਅਨੰਦ ਮਾਣਨਗੇ ਉਹ ਇਕ ਤਾਂ ਭਗਤ ਜੀ ਦੇ ਸਾਰੇ ਜੀਵਨ ਦੀ ਪੜ੍ਹਾਈ ਅਤੇ ਤਜਰਬਿਆਂ ਦੀ ਪੱਕੀ ਹੋਈ ਫ਼ਸਲ ਵੱਢਣਗੇ ਅਤੇ ਦੂਜੇ ਉਸ ਦੇ ਕੰਮਾਂ ਅਤੇ ਆਦਰਸ਼ਾਂ ਦੀ ਪ੍ਰਸ਼ੰਸਾ ਕਰਕੇ ਉਸ ਨਾਲ ਇਨਸਾਫ਼ ਵੀ ਕਰਨਗੇ ।"

ਸਹੀ—ਤੇਜਾ ਸਿੰਘ

ਡਾਕਟਰ ਹਰਭਜਨ ਸਿੰਘ ਜੀ ਨੇ ਇਕ ਅੰਗਰੇਜ਼ੀ ਲੇਖ ਗੁਰਮਤਿ ਬਾਰੇ ਸਪਤਾਹਿਕ ਖ਼ਾਲਸਾ ਸਮਾਚਾਰ ਵਿੱਚ ਛਾਪਿਆ ਸੀ । ਉਸ ਉੱਤੇ ਮੇਰੇ ਵੱਲੋਂ ਭੂਮਿਕਾ ੩੦ ਕੁ ਪੰਨਿਆਂ ਦੀ ਹੋ ਗਈ ਸੀ । ਉਸ ਲੇਖ ਦੇ ਨਾਲ ਮੈਂ ਕਈ ਹੋਰ ਲੇਖ 'ਮੌਡਰਨ ਰੀਵੀਊ' ਵਰਗੇ ਅੰਗਰੇਜ਼ੀ ਰਿਸਾਲਿਆਂ ਵਿੱਚੋਂ ਕੱਢ ਕੇ ਛਾਪ ਦਿੱਤੇ । ਉਨ੍ਹਾਂ ਲੇਖਾਂ ਤੋਂ ਬਣੀ ਪੁਸਤਕ ਬਾਰੇ ਇਹ ਉੱਪਰ ਲਿਖਿਆ ਗੁਲਦਸਤੇ ਵਾਲਾ ਸਰਟੀਫ਼ਿਕੇਟ ਪ੍ਰਿੰਸੀਪਲ ਨੇ ਮੈਨੂੰ ਦਿੱਤਾ ਸੀ ।

ਸੰਨ ੧੯੪੭ ਦੀ ਦੇਸ਼ ਦੀ ਵੰਡ ਸਮੇਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਰਫ਼ਿਊਜੀ ਕੈਂਪ ਦੇ ਬੇਆਸਰੇ ਅਪਾਹਿਜਾਂ ਤੇ ਰੋਗੀਆਂ ਦੀ ਜੋ ਸੇਵਾ ਮੈਥੋਂ ਇਕੱਲੇ ਤੋਂ ਹੋਈ ਉਸ ਬਾਰੇ ਪ੍ਰਿੰਸੀਪਲ ਜੋਧ ਸਿੰਘ ਜੀ ਦਾ ਸਰਟੀਫ਼ਿਕੇਟ ਵੱਖਰਾ ਛਪਿਆ ਹੈ ।

## ਪ੍ਰਿੰਸੀਪਲ ਜੋਧ ਸਿੰਘ ਜੀ ਦਾ ਸਰਟੀਫਿਕੇਟ

ਮੈਂ ੧੮ ਦਸੰਬਰ, ੧੯੪੯ ਨੂੰ ਭਗਤ ਪੂਰਨ ਸਿੰਘ ਜੀ ਦਾ ਪਿੰਗਲਵਾੜਾ ਦੇਖਿਆ । ਭਗਤ ਜੀ ਦੀ ਮੇਰੇ ਨਾਲ ਵਾਕਫ਼ੀ ਸੰਨ ੧੯੪੭ ਦੀਆਂ ਸਰਦੀਆਂ ਵਿੱਚ ਹੋਈ । ਮੈਂ ਉਦੋਂ ਖ਼ਾਲਸਾ ਕਾਲਜ ਸ਼ਰਨਾਰਥੀ ਕੈਂਪ ਦਾ ਕਮਾਡੈਂਟ ਸਾਂ ।



ਮੈਂ ਦੇਖਿਆ ਕਿ ਅਪਾਹਿਜਾਂ ਤੇ ਉਨ੍ਹਾਂ ਦੀ ਜਿਨ੍ਹਾਂ ਦਾ ਕੋਈ ਨਹੀਂ, ਭਗਤ ਪੂਰਨ ਸਿੰਘ ਬੜੇ ਪ੍ਰੇਮ ਨਾਲ ਸੇਵਾ ਕਰਦੇ ਹਨ । ਸੜਕੋਂ ਪਾਰ ਖ਼ਾਲਸਾ ਕਾਲਜ ਦਾ ਇਕ ਛੋਟਾ ਜਿਹਾ ਮਕਾਨ ਹੈ ਜੋ ਲੜਾਈ ਦੇ ਦਿਨਾਂ ਵਿੱਚ ਇੰਡੀਅਨ ਏਅਰ ਫੋਰਸ ਟਰੇਨਿੰਗ ਸੈਂਟਰ ਲਈ ਬਣਾਇਆ ਗਿਆ ਸੀ । ਭਗਤ ਜੀ ਨੇ ਆਪਣਾ ਡੇਰਾ ਉੱਥੇ ਇਕ ਕਮਰੇ ਵਿੱਚ ਕਰ ਲਿਆ ਤੇ ਜੋ ਆਪਣੀ ਕਿਰਿਆ ਆਪ ਨਾ ਕਰ ਸਕਣ ਉਨ੍ਹਾਂ ਨੂੰ ਉੱਥੇ ਰੱਖ ਕੇ ਸੇਵਾ ਆਰੰਭ ਕੀਤੀ । ਇਨ੍ਹਾਂ ਲਈ ਗੰਦੇ ਕੱਪੜਿਆਂ ਨੂੰ ਸਾਫ਼ ਕਰਨਾ, ਜਿਨ੍ਹਾਂ ਕੰਮਾਂ ਤੋਂ ਲੋਕੀਂ ਆਮ ਤੌਰ 'ਤੇ ਘ੍ਰਿਣਾ ਕਰਦੇ ਹਨ, ਇਕ ਮਾਮੂਲੀ ਗੱਲ ਸੀ । ਜਦੋਂ ਇੱਥੋਂ ਕੈਂਪ ਟੁੱਟ ਗਿਆ ਤਾਂ ਇਹ ਵੀ ਥੋੜ੍ਹੀ ਦੇਰ ਮਗਰੋਂ ਉਹ ਕਮਰਾ ਖ਼ਾਲੀ ਕਰਕੇ ਚਲੇ ਗਏ । ਪ੍ਰੰਤੂ ਮਾਲੂਮ ਹੁੰਦਾ ਹੈ ਆਪਣੀ ਧੁਨ ਨੂੰ ਉਨ੍ਹਾਂ ਨੇ ਜਾਰੀ ਰੱਖਿਆ ਹੈ । ਅੱਜ ਜੋ ਕੁਝ ਮੈਂ ਵੇਖਿਆ ਹੈ ਉਸ ਦੀ ਪ੍ਰਸ਼ੰਸਾ ਕਰਨੋਂ ਕੌਣ ਰੁਕ ਸਕਦਾ ਹੈ । ਇਸ ਪਿੰਗਲਵਾੜਾ ਆਸ਼ਰਮ ਵਿੱਚ ੭੦ ਦੇ ਕਰੀਬ ਰੋਗੀ ਤੇ ਅਪਾਹਿਜ ਹਨ ਜਿਨ੍ਹਾਂ ਦੀ ਹਰ ਲੋੜ ਨੂੰ ਭਗਤ ਜੀ ਪੂਰਾ ਕਰਨ ਦਾ ਯਤਨ ਕਰ ਰਹੇ ਹਨ । ਪੈਸੇ ਦੇਣੇ ਮੈਂ ਸੌਖਾ ਕੰਮ ਸਮਝਦਾ ਹਾਂ ਪਰ ਹੱਥੀਂ ਸੇਵਾ ਕਰਨੀ ਬਹੁਤ ਔਖਾ ਕੰਮ ਹੈ, ਫਿਰ ਉਨ੍ਹਾਂ ਦੀ ਜਿਨ੍ਹਾਂ ਤੋਂ ਛੂਤ ਲੱਗਣ ਦਾ ਸਦਾ ਭੈ ਰਹੇ; ਪ੍ਰੰਤੂ ਭਗਤ ਜੀ ਗੁਰੂ ਜੀ ਦੀ ਸਿੱਖਿਆ ਅਨੁਸਾਰ ਇਨ੍ਹਾਂ ਗੱਲਾਂ ਤੋਂ ਬੇਪ੍ਰਵਾਹ ਹੋ ਕੇ ਨਿਆਸਰਿਆਂ ਦਾ ਆਸਰਾ ਬਣੇ ਹੋਏ ਹਨ । ਮੈਂ ਤਾਂ ਉਨ੍ਹਾਂ ਦੀ ਸੇਵਾ ਵੇਖ ਕੇ ਅਸਚਰਜਤਾ ਹੀ ਪ੍ਰਗਟ ਕਰ ਸਕਦਾ ਹਾਂ ਕਿ ਸਤਿਗੁਰੂ ਜੀ ਨੇ ਇਨ੍ਹਾਂ ਉੱਪਰ ਕਿਤਨੀ ਕ੍ਰਿਪਾ ਦ੍ਰਿਸ਼ਟੀ ਕੀਤੀ ਹੈ । ਮੈਂ ਸਰਦੇ ਪੁਜਦੇ ਸੱਜਣਾਂ ਦੀ ਸੇਵਾ ਵਿੱਚ ਬੇਨਤੀ ਕਰਦਾ ਹਾਂ ਕਿ ਉਹ ਮਾਇਕ ਥੁੜ ਭਗਤ ਜੀ ਨੂੰ ਨਾ ਆਉਣ ਦੇਣ । ਇਹ ਆਸ਼ਰਮ ਸੱਚਮੁੱਚ ਨਿਥਾਵਿਆਂ ਦੀ ਥਾਂ ਹੈ ।

**ਜੋਧ ਸਿੰਘ ਪ੍ਰਿੰਸੀਪਲ**

ਖ਼ਾਲਸਾ ਕਾਲਜ, ਅੰਮ੍ਰਿਤਸਰ

## THE GAME OF LIFE

The life, the fortune and the happiness of every-one of us, and more or less of those who are connected with us, depend upon our knowing something of the rules of the game infinitely more difficult and complicated than chess. The chessboard is the world, the player on

the other side is hidden from us. We know that his play is always just and fair and patience. But also we know that we have to pay cost for mistakes as he never overlooks a mistake or makes the smallest allowance for ignorance. To the man who plays well the highest stakes are paid with that sort of overflowing generosity with which the strong delight in strength. And one who plays ill is check-mated-without haste, but without remorse. Well, what I mean by education is learning the rules of that might game.

—T.H. HUXLEY

## ਜੀਵਨ ਦੀ ਖੇਡ

ਅਰਥਾਤ—ਸਾਡਾ ਹਰ ਇਕ ਦਾ ਜੀਵਨ, ਸਾਡੀ ਤਕਦੀਰ, ਸਾਡੇ ਸੁੱਖ ਅਤੇ ਉਹਨਾਂ ਦੇ ਵੀ ਘੱਟ ਚਾਹੇ ਵੱਧ ਜਿਨ੍ਹਾਂ ਦੇ ਸੰਬੰਧ ਸਾਡੇ ਨਾਲ ਹੁੰਦੇ ਹਨ, ਇਸ ਗੱਲ ਉੱਤੇ ਨਿਰਭਰ ਹਨ ਕਿ ਸਾਨੂੰ ਜੀਵਨ ਖੇਡ ਦੇ ਨਿਯਮਾਂ ਦੀ ਕੁਝ ਜਾਣਕਾਰੀ ਹੋਵੇ ਜਿਹੜੀ ਕਿ ਸ਼ਤਰੰਜ ਦੀ ਖੇਡ ਨਾਲੋਂ ਅਨੇਕਾਂ ਗੁਣਾਂ ਵਧੇਰੇ ਕਠਿਨ ਅਤੇ ਗੁੰਝਲਦਾਰ ਹੈ । ਇਉਂ ਸਮਝੋ ਕਿ ਸੰਸਾਰ ਮਾਨੋ ਸ਼ਤਰੰਜ ਦੀ ਤਖ਼ਤੀ ਹੈ ਅਤੇ ਇਸ ਵਿੱਚ ਵਾਪਰਦੀਆਂ ਘਟਨਾਵਾਂ ਮੋਹਰੇ ਹਨ । ਇਸ ਖੇਲ ਦੇ ਨਿਯਮ ਹਨ, ਜਿਨ੍ਹਾਂ ਨੂੰ ਅਸੀਂ ਕੁਦਰਤ ਦੇ ਨਿਯਮ ਆਖਦੇ ਹਾਂ, ਦੂਜੇ ਪਾਸੇ ਬੈਠਾ ਖਿਡਾਰੀ ਨਜ਼ਰੋਂ ਓਹਲੇ ਰਹਿੰਦਾ ਹੈ । ਅਸੀਂ ਜਾਣਦੇ ਹਾਂ ਕਿ ਉਸ ਦੀ ਖੇਡ ਵਿੱਚ ਸਦਾ ਹੱਕ ਹੈ, ਨਿਆਂ ਹੈ ਅਤੇ ਧੀਰਜ ਹੈ। ਪਰ ਅਸੀਂ ਇਹ ਜਾਣਦੇ ਹਾਂ ਕਿ ਜਿਸ ਦੀ ਕੀਮਤ ਭਾਵੇਂ ਅਸੀਂ ਆਪ ਹੀ ਚੁਕਾਉਂਦੇ ਹਾਂ ਤੇ ਸਾਡੀ ਕੋਈ ਗ਼ਲਤੀ ਉਸ ਦੀਆਂ ਨਜ਼ਰਾਂ 'ਚੋਂ ਓਹਲੇ ਨਹੀਂ ਰਹਿੰਦੀ ਅਤੇ ਨਾ ਹੀ ਉਹ ਸਾਡੀ ਅਗਿਆਨਤਾ ਦੇ ਕਾਰਨ ਕਿਸੇ ਭੁੱਲ ਦੀ ਥੋੜ੍ਹੀ ਤੋਂ ਥੋੜ੍ਹੀ ਛੋਟ ਹੀ ਦਿੰਦਾ ਹੈ । ਜਿਹੜਾ ਬੰਦਾ ਠੀਕ ਤਰ੍ਹਾਂ ਖੇਡਦਾ ਹੈ ਉਸ ਨੂੰ ਖੇਡ ਉੱਤੇ ਵੱਡੇ ਤੋਂ ਵੱਡੇ ਦਾਓ ਉਸ ਕਿਸਮ ਦੀ ਡੁੱਲ੍ਹਦੀ ਉਦਾਰਤਾ ਨਾਲ ਦਿੱਤੇ ਜਾਂਦੇ ਹਨ ਜਿਸ ਨਾਲ ਮਜ਼ਬੂਤ ਬੰਦੇ ਆਪਣੀ ਮਜ਼ਬੂਤੀ ਦਾ ਪ੍ਰਗਟਾਵਾ ਕਰ ਕੇ ਖ਼ੁਸ਼ੀ ਅਨੁਭਵ ਕਰਦੇ ਹਨ ਅਤੇ ਜਿਹੜਾ ਬੰਦਾ ਗ਼ਲਤ ਖੇਡਦਾ ਹੈ ਉਹ ਹਾਰਦਾ



ਹੈ; ਇਸ ਵਿੱਚ ਕਾਹਲੀ ਨਹੀਂ ਹੁੰਦੀ ਪਰ ਇਸ ਵਿੱਚ ਪਛਤਾਵਾ ਵੀ ਨਹੀਂ ਹੁੰਦਾ । ਖ਼ੈਰ ! ਵਿੱਦਿਆ ਤੋਂ ਮੇਰਾ ਭਾਵ ਹੈ ਇਸ ਮਹਾਨ ਖੇਡ ਦੇ ਨਿਯਮਾਂ ਨੂੰ ਸਿੱਖਣਾ ।

—ਟੀ. ਐਚ. ਹਕਸਲੇ

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੇਠ ਲਿਖਿਆ ਸ਼ਬਦ ਮਨੁੱਖ ਨੂੰ ਖ਼ਬਰਦਾਰ ਕਰਦਾ ਹੈ ਕਿ ਭਾਈ, ਤੂੰ ਜਦ ਆਪਣੇ ਲਈ ਕੋਈ ਕੰਮ ਚੁਣੇ ਤਾਂ ਤੂੰ ਹੇਠ ਲਿਖੇ ਵਿਚਾਰ ਨੂੰ ਆਪਣੇ ਸਾਹਮਣੇ ਰੱਖੀਂ :—

**ਆਹਰ ਸਭਿ ਕਰਦਾ ਫਿਰੈ ਆਹਰੁ ਇਕ ਨ ਹੋਇ ॥**
**ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ ॥**

**(ਅੰਗ ੯੬੫)**

ਵਾਹਿਗੁਰੂ ਨੇ ਸ੍ਰਿਸ਼ਟੀ ਦੀ ਰਚਨਾ ਕਰਕੇ ਉਸ ਦੇ ਬਚਾਉ ਲਈ ਕੋਈ ਯਤਨ ਕਰਨਾ ਹੀ ਸੀ । ਉਹ ਯਤਨ ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੇ ਰੱਬੀ ਬਾਣੀ ਵਾਲੇ ਗ੍ਰੰਥਾਂ ਨੂੰ ਹੋਂਦ ਵਿੱਚ ਲਿਆ ਕੇ ਕੀਤਾ ।

ਮਸ਼ੀਨੀ ਸੱਭਿਅਤਾ ਦੀ ਉਮਰ ਢਾਈ ਸੌ ਸਾਲਾਂ ਦੇ ਸਮੇਂ ਤੋਂ ਘੱਟ ਹੈ । ਸ੍ਰਿਸ਼ਟੀ ਦੀ ਰਚਨਾ ਕਦੋਂ ਹੋਈ ਇਸ ਦਾ ਹਿਸਾਬ ਖ਼ਰਬਾਂ ਪਦਮਾਂ ਦੇ ਸੋਮਿਆਂ ਦੀ ਮਿਣਤੀ ਨਾਲ ਨਹੀਂ ਕੀਤਾ ਜਾ ਸਕਦਾ; ਪਰ ਜੇ ਪਦਮਾਂ ਸਾਲ ਵੀ ਮੰਨਿਆ ਜਾਵੇ ਤਾਂ ਧਰਤੀ, ਪਾਣੀ, ਹਵਾ, ਸਮੁੰਦਰ ਦੇ ਬਰਫ਼ ਦੇ ਪਹਾੜ, ਓਜ਼ੋਨ ਗੈਸ, ਦਰਿਆ, ਸਮੁੰਦਰ, ਜੰਗਲ, ਪਹਾੜ, ਝੀਲਾਂ, ਹਾਥੀ, ਸ਼ੇਰ, ਚੀਤੇ ਅਨੇਕ ਪ੍ਰਕਾਰ ਦੇ ਜਾਨਵਰ ਤੇ ਪਸ਼ੂ ਸਭ ਸੁਖੀ ਵੱਸ ਰਹੇ ਸਨ, ਪਰ ਮਸ਼ੀਨੀ ਸੱਭਿਅਤਾ ਜਿਹੜੀ ਪੱਥਰ ਦੇ ਕੋਲੇ, ਡੀਜ਼ਲ, ਪੈਟਰੋਲ ਤੇ ਬਿਜਲੀ ਨਾਲ ਚੱਲਣ ਵਾਲੇ ਇੰਜਣਾਂ ਦੇ ਰੂਪ ਵਿੱਚ ਪ੍ਰਗਟ ਹੋਈ ਹੈ, ੨੫੦ ਸਾਲਾਂ ਦੀ ਉਮਰ ਦੇ ਸਮੇਂ ਵਿੱਚ ਹੀ ਰੱਬ ਦੀ ਕੁਦਰਤ ਨੂੰ ਪ੍ਰਗਟ ਕਰਨ ਵਾਲੇ ਉੱਪਰ ਲਿਖੇ ਸਾਰੇ ਰੂਪਾਂ ਨੂੰ ਉਜਾੜਨ ਤੇ ਸਾੜਨ 'ਤੇ ਤੁਲੀ ਹੋਈ ਹੈ । ਇਸ ਤਬਾਹੀ ਨੂੰ ਦੂਰ ਕਰਨ ਲਈ ਹੇਠ ਲਿਖੀ ਪੰਨਾ ੫੯ 'ਤੇ ਇਤਿਹਾਸਿਕ ਨਿਹੰਗ ਸਿੰਘ ਵਾਲੀ ਕਹਾਣੀ ਵਾਲੇ ਬੰਦੇ ਵੱਧ ਤੋਂ ਵੱਧ ਗਿਣਤੀ ਵਿੱਚ ਹੋਣੇ ਚਾਹੀਦੇ ਹਨ ਜਿਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦ ਜੈਸੇ ਸ਼ਬਦਾਂ ਨੇ ਤਿਆਰ ਕੀਤਾ ਹੁੰਦਾ ਹੈ :—

**ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ**
**ਉਤਰੈ ਤਨੁ ਕਰੇ ਹਛਾ ਧੋਇ ॥ ਸਚੁ ਤਾ ਪਰੁ ਜਾਣੀਐ ਜਾ ਸਚਿ**
**ਧਰੇ ਪਿਆਰੁ ॥ ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ**
**ਦੁਆਰ॥ ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥**

ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥ ਸਚੁ ਤਾ ਪਰ ਜਾਣੀਐ ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥ ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸ ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥ ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥

ਸਲੋਕ ਮਹਲਾ ੧॥ (ਅੰਗ ੪੬੮)

# FAITH FOR LIVING

Selections from Lewis Mumford

Bhartiya Vidya Bhavan, Bombay.

Three decades back, as an undergraduate, I first chanced upon The Culture of Cities by Lewis Mumford. It did not require much intelligence to see that here was an expert, a somewhat agonised expert, in civilized values and institutions. But more important than anything else was the man behind the work, or works—self dedicated, like his master, Patrick Geddes, to the desperate proposition of total truth and a renewal of faith in human purposes. As Mumford sees it, the experience of fulfillment through wholeness is the answer to the brevity of man's days or to put it a little differently: Power must be the willing servant of Love. This, the theme of all or most of his writings, invests them with the quality of a sermon or a prophecy–sermon in sanity and prophecy in perfection.

Here, then, is a thinker who has triumphed over all the imbalance and anarchy which we mistake for progress. He has not hesitated to call a thing or attitude



shoddy when he has found it to be actually so. Through debate, discrimination and unceasing mental fight he has earned his moral vision, his right to be. And he invites us, to the extent that we are responsible, to the same adventure, to share that liberalizing experience. Our best, he tells us, will hardly be enough to guarantee survival. Less than our best will be treason to humanity. In all this passionate pleading, not untouched by poetry, there is something of the nonconformist, the lone wolf or the outsider about him, insider out. One of his first books was called The Story of Utopias. He is still writing Utopias. The City of God is never built, it is for ever building. Among modern architects of an axiological universe Lewis Mumford is one.

Not an easy task, no pipe dream. Intensely concerned about the human (rather inhuman) situation as it obtains today, Mumford has never been satisfied with simplistic solutions, pious resolutions, or what he has called the fallacy of systems. In fact, his awareness of the opponent's case, the adversary's role, is a melancholy marvel. Melancholy, because it is a millstone round the neck, marvel because in spite of the handicap he still reaches where he would be anyway.

The enemy though protean has easily distinguishable features. We know him and the dehumanized universe which does for his home, for it is we who have made him, our alter ego. We all have a likeness to the image–the anti-self that mocks and misleads us with a thousand illusions, just the cancer, as Eliot once said, that eats away the self. Sometime we call him as Reason.

Organization, Mechanmorphism, Disintegration of Moral Nihilism, which all adds up to a life from which the sense of the holy has fled. Our worship of the inorganic has led us gradually to the Displacement of Man and the cult of death, a situation from which death, one feels, would be a merciful release. No wonder we hear so frequently about Being and Nothingness.

Mumford, on the contrary, sings of Being and wholeness.

It is to the credit of Mumford that while, like others, he has supped full of horror, that while he admits the disvalues of the winter of our discontent, he still maintains the necessity, or possibility, of a breakthrough. He may not be a cheerful analyst. There is little reason for unfounded optimism. The bomb has blown all that to bits. All the same, though nations, including his own, have trekked from progress, he keeps his faith in creation. He knows the present moment in history to be not only a moment full of danger but also of splendid promise, if only we will operate the necessary changes. The problem is a problem of choice. Faced with the universal disappearance of law and morality, the collapse of centuries of inaccurate thinking, he can still see through the chronic crisis and point the human way out–in terms of the ideal of wholeness and balance, not only for this or that people, but for all people. In order that this may be real or realized we should be prepared, he has openly said, to scrap every bit of our modern world if that is the price for mankind's safety and continued development. It is to such remaking



and revision of goals, the creation of new self-needed for the One World or World Culture that he calls us. This will not be an easy assignment. Not a fashionable Jeremiah, thundering from a frigid, book-lined study, Mumford has brooded long over the fate of man. Though clouds lour on the horizon—as if one Hiroshima was not enough−Mumford has staked his all for a brighter tomorrow, world culture and world personality, what Tagore loved to call Visvamanab. Across the years he has been telling this age of indiscriminating power to change its ways, calling it back to the ways of wisdom, truth and peace, integration. To know that men like him are there is to be fortified, to draw from still unexhausted sources of heroism: "The way we must follow is untried and heavy with difficulty; it will test to the utmost our faith and our powers. But it is the way towards life and those who follow it will prevail."

Basically, his recommendation is simple, so simple that it might go unnoticed: "To make ourselves capable of loving and ready to receive love, is the paramount problem of integration: indeed, the key to salvation." Nothing is sacred but human life that is his basic faith and should be yours. In that faith, a faith for living, we offer a brief selection from some of his writings. In his own words, we have no commitment to catastrophe. The selection might show how and why.

−Sisir Kumar Ghosh, Shantiniketan of Tagore, Calcutta.

November 10, 1965

ਜੇ ਧਰਤੀ, ਪਾਣੀ, ਹਵਾ, ਸਮੁੰਦਰ, ਦਰਿਆ, ਪਹਾੜ, ਅਸਮਾਨ

ਦੀ ਓਜ਼ੋਨ ਗੈਸ ਤੇ ਆਕਸੀਜਨ ਗੈਸ ਜੈਸੇ ਸਾਧਨਾਂ ਨੂੰ ਹੋਰ ਵਧੇਰੇ ਤਬਾਹ ਹੋਣ ਤੋਂ ਬਚਾਉਣ ਅਤੇ ਆਪਣੇ ਪਹਿਲੇ ਆਦਿ ਕਾਲ ਦੇ ਟਿਕਾਣੇ 'ਤੇ ਲਿਆਉਣ ਲਈ ਬਹੁਤ ਵੱਡੀ ਗਿਣਤੀ ਵਿੱਚ ਜੀਵਨ ਦਾਨੀ ਇਤਿਹਾਸਿਕ ਨਿਹੰਗ ਸਿੰਘ ਵਰਗੇ ਬੰਦੇ ਪੈਦਾ ਨਾ ਹੋਏ ਤਾਂ ਮਨੁੱਖ ਤੇ ਜੀਵ ਸਭ ਮਰ ਮੁੱਕ ਜਾਣਗੇ, ਤੇ ਜਦ ਮਰਨ ਦਾ ਵੇਲਾ ਨੇੜੇ ਆਵੇਗਾ ਤਾਂ ਉਹ ਸ੍ਰੀ ਦਰਬਾਰ ਸਾਹਿਬ ਦੇ ਬੂਹੇ ਅੱਗੇ ਵੰਡੇ ਜਾ ਰਹੇ ਇਸ਼ਤਿਹਾਰਾਂ ਨੂੰ ਪੜ੍ਹ-ਪੜ੍ਹ ਕੇ ਉਸੇ ਤਰ੍ਹਾਂ ਰੋਣਗੇ ਜਿਸ ਤਰ੍ਹਾਂ ਮੋਟਰਕਾਰਾਂ ਤੇ ਸਕੂਟਰਾਂ ਦੇ ਹਾਦਸਿਆਂ ਵਿੱਚ ਮਰਨ ਵਾਲੇ ਜਾਂ ਲੱਤਾਂ ਬਾਹਾਂ ਤੁੜਵਾਉਣ ਵਾਲੇ ਬੰਦਿਆਂ ਦੀਆਂ ਭੈਣਾਂ ਤੇ ਮਾਵਾਂ ਮੋਟਰਕਾਰਾਂ ਦੇ ਵਿਰੁੱਧ ਛਪੇ ਤੇ ਮੁਫ਼ਤ ਵੰਡੇ ਜਾ ਰਹੇ ਪਿੰਗਲਵਾੜੇ ਦੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਨੂੰ ਪੜ੍ਹ-ਪੜ੍ਹ ਕੇ ਰੋਂਦੀਆਂ ਹੁੰਦੀਆਂ ਹਨ ਤੇ ਕਹਿੰਦੀਆਂ ਹੁੰਦੀਆਂ ਹਨ ਕਿ ਜੇ ਸਾਡੇ ਭਰਾ ਸ੍ਰੀ ਦਰਬਾਰ ਸਾਹਿਬ ਆਉਣ ਵਾਲੇ ਹੁੰਦੇ ਤੇ ਉਨ੍ਹਾਂ ਨੂੰ ਇਹ ਇਸ਼ਤਿਹਾਰ ਮਿਲਦੇ ਰਹਿੰਦੇ ਤੇ ਇਹਨਾਂ ਨੂੰ ਪੜ੍ਹ ਕੇ ਉਹ ਮੋਟਰਕਾਰਾਂ ਤੇ ਸਕੂਟਰਾਂ ਦੀ ਸਵਾਰੀ ਦੀ ਮੂਰਖਤਾ ਕਰਨ ਤੋਂ ਬਚ ਜਾਂਦੇ, ਉਹ ਪੈਦਲ ਤੁਰਦੇ ਤੇ ਪੈਦਲ ਤੁਰਨ ਨੂੰ ਆਪਣੀ ਹੇਠੀ ਨਾ ਗਿਣਦੇ । ਜੇ ਪੈਦਲ ਨਾ ਚੱਲਦੇ ਤਾਂ ਸਾਈਕਲ ਚਲਾਉਂਦੇ, ਰੇਲ-ਗੱਡੀ ਦੀ ਸਵਾਰੀ ਕਰਦੇ, ਟਾਂਗੇ ਜਾਂ ਰਿਕਸ਼ੇ 'ਤੇ ਚੜ੍ਹਦੇ । ਮੋਟਰਕਾਰਾਂ ਦੇ ਵਿਰੁੱਧ ਜਿਹੋ ਜਿਹੇ ਇਸ਼ਤਿਹਾਰ ਸ੍ਰੀ ਦਰਬਾਰ ਸਾਹਿਬ ਵੰਡੇ ਜਾਂਦੇ ਹਨ, ਉਹਨਾਂ ਵਿੱਚੋਂ ਹੇਠ ਲਿਖਿਆ ਇਸ਼ਤਿਹਾਰ ਨਮੂਨੇ ਵਜੋਂ ਦਿੱਤਾ ਜਾ ਰਿਹਾ ਹੈ । ਸ੍ਰੀ ਦਰਬਾਰ ਸਾਹਿਬ ਦੇ ਬੂਹੇ ਅੱਗੇ ਇਹ ਇਸ਼ਤਿਹਾਰ ਵੰਡੇ ਜਾਂਦੇ ਹਨ ਕਿ ਮੋਟਰਕਾਰਾਂ, ਸਕੂਟਰਾਂ ਤੇ ਮੋਟਰਸਾਈਕਲਾਂ 'ਤੇ ਨਾ ਚੜ੍ਹੋ, ਰਿਕਸ਼ਿਆਂ, ਟਾਂਗਿਆਂ 'ਤੇ ਚੜ੍ਹੋ, ਸਾਈਕਲ ਚਲਾਉ ਤੇ ਪੈਦਲ ਤੁਰੋ । ਬੈਠਕ ਵਾਲਾ ਜੀਵਨ ਬਤੀਤ ਕਰਨ ਵਾਲਾ ਬੰਦਾ, ਤਾਂ ਹੀ ਤੰਦਰੁਸਤ ਰਹਿ ਸਕਦਾ ਹੈ ਜੇ ਉਹ ਘੱਟੋ-ਘੱਟ ਸਾਢੇ ਅੱਠ ਮੀਲ ਅਰਥਾਤ ਸਵਾ ਚੌਦਾਂ ਕਿਲੋਮੀਟਰ ਹਰ ਰੋਜ਼ ਪੈਦਲ ਤੁਰੇ, ਨਹੀਂ ਤਾਂ ਉਸ ਨੂੰ ਖ਼ੂਨ ਦਾ ਦਬਾਉ, ਗੰਠੀਆ, ਦਿਲ ਦਾ ਰੋਗ, ਪੈਰ ਦੇ ਅੰਗੂਠੇ ਦਾ ਦਰਦ, ਗੋਡਿਆਂ ਦਾ ਦਰਦ ਤੇ ਸ਼ੱਕਰ ਜੈਸੇ ਕਈ ਰੋਗ ਲੱਗ ਸਕਦੇ ਹਨ । ਦੁਨੀਆਂ ਨੂੰ ਬਚਾਉਣ ਦੀ ਆਸ ਇਕੋ ਹੀ ਹੈ ਕਿ ਲੋਕੀਂ ਸ੍ਰੀ ਦਰਬਾਰ ਸਾਹਿਬ ਆਉਣ ਤੇ ਪਿੰਗਲਵਾੜੇ ਵੱਲੋਂ ਮੁਫ਼ਤ ਵੰਡੇ ਜਾ ਰਹੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਨੂੰ ਲੈ ਕੇ ਘਰਾਂ ਨੂੰ ਜਾਣ ਤੇ ਆਪਣੇ ਪਿੰਡਾਂ ਦੇ ਬੰਦਿਆਂ ਤੇ ਸਕੂਲਾਂ ਦੇ ਅਧਿਆਪਕਾਂ ਨੂੰ ਦੇਣ । ਇਹ ਇਸ਼ਤਿਹਾਰ ਅਣਗਿਣਤ ਤਬਾਹੀਆਂ ਤੋਂ ਬਚਣ ਦਾ ਗਿਆਨ ਦਿੰਦੇ ਹਨ ।



ਸ੍ਰੀ ਦਰਬਾਰ ਸਾਹਿਬ ਧਰਤੀ ਉੱਤੇ ਵਾਹਿਗੁਰੂ ਦਾ ਦਰਬਾਰ ਹੈ । 'ਜੀਵਨ ਖੇਡ' ਲੇਖ ਦੇ ਇਹ ਸ਼ਬਦ ਮਨੁੱਖ ਦੀਆਂ ਅੱਖਾਂ ਖੋਲ੍ਹਣ ਵਾਲੇ ਹਨ....ਨਾ ਹੀ (ਵਾਹਿਗੁਰੂ) ਉਸ ਸਾਡੀ ਅਗਿਆਨਤਾ ਦੇ ਕਾਰਣ ਕਿਸੇ ਭੁੱਲ ਦੀ ਥੋੜ੍ਹੀ ਤੋਂ ਥੋੜ੍ਹੀ ਛੋਟ ਹੀ ਦਿੰਦਾ ਹੈ ।

"ਮਨੁੱਖ ਦੇ ਵਾਧੇ ਲਈ ਪਹਿਲਾਂ ਇਹ ਜ਼ਰੂਰੀ ਹੈ ਕਿ ਉਹ ਵਧੇਰਾ ਜਾਣੇ; ਇਸੇ ਲਈ ਹੀ ਉਹ ਸਾਰੀਆਂ ਰੁਕਾਵਟਾਂ ਤੇ ਬੋਲ-ਕਬੋਲ ਦੀ ਪਰਵਾਹ ਨਾ ਕਰਦਾ ਹੋਇਆ ਸਾਇੰਸ ਦੇ ਸਹਾਰੇ ਇਹ ਭਾਲ ਕਰਦਾ ਰਹਿੰਦਾ ਹੈ ਕਿ ਜੀਵਨ ਕਿੱਥੋਂ ਤੁਰਿਆ ਹੈ, ਕਿਸ ਲਈ ਤੇ ਕਿਉਂ ਤੁਰਿਆ ਹੈ । ਸਾਡੇ ਅੰਦਰ ਇਕ ਆਪੇ ਉੱਠਦੀ ਤਾਂਘ ਹੈ ਜੋ ਸਭ ਰੋਕਾਂ ਤੇ ਵਿਰੋਧੀ ਦਲੀਲਾਂ ਤੋਂ ਵਧੇਰੇ ਮਜ਼ਬੂਤ ਹੈ । ਸਾਨੂੰ ਇਹ ਕਹਿੰਦੀ ਰਹਿੰਦੀ ਹੈ ਕਿ ਜੀਵਨ ਦੇ ਵਿਸ਼ਵਾਸ ਪਾਤਰ ਹੋਣ ਲਈ ਪਹਿਲਾਂ ਜੀਵਨ ਨੂੰ ਸਮਝਣਾ ਤੇ ਹੋਰ ਸਮਝਣਾ ਜ਼ਰੂਰੀ ਹੈ । ਸਾਨੂੰ ਇੰਨਾ ਅੱਕਣ ਜਾਂ ਥੱਕਣ ਦੇ ਉਸ ਸੱਚਾਈ ਲਈ, ਜਿਸ ਦਾ ਭਾਵੇਂ ਸਾਨੂੰ ਪਤਾ ਵੀ ਨਹੀਂ ਭਾਲ ਕਰਦੇ ਰਹਿਣਾ ਚਾਹੀਦਾ ਹੈ ਜੋ ਅੰਤ ਨੂੰ ਉਹਨਾਂ ਮਨੁੱਖਾਂ ਦੇ ਸਾਹਮਣੇ ਆ ਖਲੋਂਦੀ ਹੈ ਜੋ ਉਸ ਸੱਚਾਈ ਦੇ ਦਿਲ ਤਕ ਪੁੱਜ ਜਾਂਦੇ ਹਨ ।"

**Pierre teil hard De Chardin** ਦੀ ਅੰਗਰੇਜ਼ੀ ਪੁਸਤਕ **The Future of Man** 'ਮਨੁੱਖ ਦਾ ਭਵਿੱਖ' ਵਿੱਚੋਂ ।

ਸਾਇੰਸ ਦੀਆਂ ਹੂੰਝਾ-ਫੇਰ ਤਬਾਹੀਆਂ ਪੈਦਾ ਕੀਤੀਆਂ ਜਾ ਰਹੀਆਂ ਹਨ ਜਿਹੜੀਆਂ ਸੰਸਾਰ ਦੇ ਜੀਵਾਂ ਨੂੰ ਤੜਫਾ-ਤੜਫਾ ਕੇ ਮਾਰ ਰਹੀਆਂ ਹਨ ਤੇ ਧਰਤੀ ਨੂੰ ਮਸਾਣ-ਘਾਟ ਬਣਾਉਂਦੀਆਂ ਜਾ ਰਹੀਆਂ ਹਨ । ਅਜਿਹੀਆਂ ਤਬਾਹੀਆਂ ਨਾਲ ਲੋਕੀਂ ਤੜਫਣਗੇ, ਪਿਆਸੇ ਮਰਨਗੇ, ਭੁੱਖੇ ਮਰਨਗੇ, ਧਰਤੀ ਦੀ ਗਰਮੀ ਨਾਲ ਸੜਨਗੇ, ਹੜ੍ਹਾਂ ਨਾਲ ਮਰਨਗੇ, ਤੇਜ਼ਾਬ ਦੀ ਵਰਖਾ ਤੇ ਹਨੇਰੀਆਂ ਆਉਣਗੀਆਂ, ਗਰਮੀ ਨਾਲ ਸਮੁੰਦਰ ਵਿੱਚ ਖੜ੍ਹੇ ਬਰਫ਼ ਦੇ ਪਹਾੜ ਪਿਘਲ ਜਾਣਗੇ, ਬਰਫ਼ ਪਿਘਲਣ ਦੇ ਕਾਰਨ ਸਮੁੰਦਰ ਦੇ ਪਾਣੀ ਦੀ ਸਤਹ ਉੱਚੀ ਹੋ ਜਾਵੇਗੀ ਤੇ ਸਮੁੰਦਰ ਦੇ ਕਿਨਾਰੇ ਵੱਸਣ ਵਾਲੇ ਕਰੋੜਾਂ ਬੰਦੇ ਮਰ ਜਾਣਗੇ । ਬਰਫ਼ ਪਿਘਲਣ ਕਾਰਨ ਲੋਕੀਂ ਪਾਣੀ ਵਿੱਚ ਡੁੱਬ ਕੇ ਮਰਨਗੇ । ਜਿਹੜੇ ਬੰਦੇ ਅੱਜਕੱਲ੍ਹ ਸ੍ਰੀ ਦਰਬਾਰ ਸਾਹਿਬ ਨਹੀਂ ਆ ਰਹੇ ਹਨ ਉਹਨਾਂ ਦੇ ਪੁੱਤ ਪੋਤਰੇ ਕਿਹਾ ਕਰਨਗੇ ਕਿ ਜੇ ਉਹਨਾਂ ਦੇ ਮਾਂ-ਬਾਪ ਸ੍ਰੀ ਦਰਬਾਰ ਸਾਹਿਬ ਜਾਣ ਵਾਲੇ ਹੁੰਦੇ ਤਾਂ ਅਸੀਂ ਸਾਰੇ ਉੱਪਰ ਲਿਖੀਆਂ ਤਬਾਹੀਆਂ ਨਾਲ ਬਿਨ ਆਈਆਂ ਮੌਤਾਂ ਮਰਨ ਤੋਂ ਬਚ ਜਾਂਦੇ ।

ਸੰਨ ੧੯੮੮ ਵਿੱਚ ਜਿਹੜੇ ਹੜ੍ਹ ਆਏ ਸਨ ਉਹ ਸਾਇੰਸ ਨੇ ਲਿਆਂਦੇ ਸਨ । ਸਾਇੰਸ ਨੇ ਭਾਖੜਾ ਡੈਮ ਬਣਾਈ । ਭਾਖੜਾ ਡੈਮ ਨੂੰ ਟੁੱਟਣ ਤੋਂ ਬਚਾਉਣ ਲਈ ਇੰਜੀਨੀਅਰਾਂ ਨੇ ਪਾਣੀ ਦੀ ਕੰਧ ਛੱਡੀ; ਜੇ ਇਹ ਨਾ ਛੱਡੀ ਜਾਂਦੀ ਤਾਂ ਪਾਣੀ ਦੇ ਜ਼ੋਰ ਨਾਲ ਡੈਮ ਟੁੱਟ ਜਾਣੀ ਸੀ । ਪਾਣੀ ਦੀ ਕੰਧ ਛੱਡਣ ਨਾਲ ਪਿੰਡਾਂ ਦੇ ਪਿੰਡ ਰੁੜ੍ਹ ਗਏ, ਬੰਦੇ ਵੀ ਵਹਿ ਗਏ, ਪਸ਼ੂ ਵਹਿ ਗਏ, ਲੋਕਾਂ ਦਾ ਮਾਲ ਮੱਤਾ, ਮੰਜਾ ਪੀੜ੍ਹਾ ਸਭ ਪਾਣੀ ਵਿੱਚ ਰੁੜ੍ਹ ਗਏ। ਜਿਹਨਾਂ ਲੋਕਾਂ ਦੇ ਘਰਾਂ ਵਿੱਚ ਰੁੱਖ ਸਨ ਉਹ ਰੁੱਖਾਂ 'ਤੇ ਚੜ੍ਹ ਕੇ ਬਚ ਗਏ ਸਨ । ਜੇਕਰ ਭਾਖੜਾ ਡੈਮ ਟੁੱਟ ਜਾਂਦੀ ਤਾਂ ਅੰਮ੍ਰਿਤਸਰ ਸ਼ਹਿਰ ਵਿੱਚ ੫੦ ਫੁੱਟ ਤਕ ਪਾਣੀ ਆ ਜਾਣਾ ਸੀ । ਭਾਖੜਾ ਡੈਮ ਦੇ ਟੁੱਟਣ ਦਾ ਖ਼ਤਰਾ ਦੋ ਵਾਰੀ ਪੈਦਾ ਹੋ ਚੁੱਕਾ ਹੈ । ਸੰਸਾਰ ਵਿੱਚ ਕਈ ਡੈਮਾਂ ਟੁੱਟ ਚੁੱਕੀਆਂ ਹਨ । ਜੇ ਲੋਕਾਂ ਨੇ ਨਿਹੰਗ ਸਿੰਘ ਵਾਂਙ ਜੀਵਨ ਅਰਪਣ ਕਰਕੇ ਰੁੱਖ ਲਾਏ ਹੁੰਦੇ ਤਾਂ ਉਹ ਹੜ੍ਹਾਂ ਨਾਲ ਆਉਣ ਵਾਲੀਆਂ ਬਿਨ ਆਈਆਂ ਮੌਤਾਂ ਮਰਨ ਤੋਂ ਬਚ ਜਾਂਦੇ । ਪਹਾੜਾਂ ਵਿੱਚ ਡੈਮ ਨੂੰ ਤੋੜਨ ਵਾਲਾ ਬਹੁਤਾ ਪਾਣੀ ਇਸ ਲਈ ਆਇਆ ਕਿਉਂਕਿ ਪਹਾੜਾਂ ਦੀਆਂ ਜਿਨ੍ਹਾਂ ਉਚਾਈਆਂ ਤੋਂ ਡੈਮ ਨੂੰ ਤੋੜ ਸਕਣ ਵਾਲਾ ਪਾਣੀ ਆਇਆ ਉੱਥੋਂ ਰੁੱਖ ਵੱਢੇ ਜਾ ਚੁੱਕੇ ਸਨ । ਪਹਾੜਾਂ ਵਿੱਚ ੧੦੦ ਵਿੱਚੋਂ ੬੦ ਹਿੱਸੇ ਦੇ ਹਿਸਾਬ ਨਾਲ ਤੇ ਮੈਦਾਨਾਂ ਵਿੱਚ ੧੦੦ ਵਿੱਚੋਂ ੨੧ ਹਿੱਸੇ ਦੇ ਹਿਸਾਬ ਨਾਲ ਧਰਤੀ 'ਤੇ ਰੁੱਖ ਚਾਹੀਦੇ ਹੁੰਦੇ ਹਨ । ਪਰ ਪਹਾੜਾਂ ਵਿੱਚ ੧੦੦ ਹਿੱਸੇ ਵਿੱਚ ਰੁੱਖ ੬੦ ਹਿੱਸੇ ਦੀ ਥਾਂ 'ਤੇ ਸਿਰਫ਼ ੨੦ ਹਿੱਸੇ ਹੀ ਰਹਿ ਗਏ ਹੋਣਗੇ । ਜੇ ਪਹਾੜਾਂ ਵਿੱਚ ੧੦੦ ਵਿੱਚੋਂ ੬੦ ਹਿੱਸੇ ਦੇ ਹਿਸਾਬ ਨਾਲ ਰੁੱਖ ਹੁੰਦੇ ਤਾਂ ਪਾਣੀ ਪਹਾੜਾਂ ਵਿੱਚੋਂ ਰੁਕ-ਰੁਕ ਕੇ ਆਉਣਾ ਸੀ ਤੇ ਭਾਖੜਾ ਡੈਮ ਵਿੱਚੋਂ ਪਾਣੀ ਦੀ ਕੰਧ ਛੱਡਣ ਦੀ ਲੋੜ ਨਹੀਂ ਪੈਣੀ ਸੀ ਕਿਉਂਕਿ ਪਹਾੜਾਂ ਵਿੱਚੋਂ ਪਾਣੀ ਰੁਕ-ਰੁਕ ਕੇ ਤੇ ਹੌਲੀ-ਹੌਲੀ ਆਉਣਾ ਸੀ ਤੇ ਬਹੁਤ ਸਾਰਾ ਪਾਣੀ ਰੁੱਖਾਂ ਦੇ ਪੱਤਿਆਂ ਤੇ ਟਹਿਣੀਆਂ ਉੱਪਰ ਟਿਕਿਆ ਰਹਿਣਾ ਸੀ । ਜਦੋਂ ਮੀਂਹ ਦਾ ਪਾਣੀ ਰੁੱਖਾਂ ਦੇ ਪੱਤਿਆਂ ਤੇ ਟਹਿਣੀਆਂ ਉੱਪਰ ਡਿੱਗਦਾ ਹੈ ਤਾਂ ਉਹ ਰੁੱਖਾਂ ਦੇ ਪੱਤਿਆਂ ਤੇ ਟਹਿਣੀਆਂ 'ਤੇ ਟਿਕ ਜਾਂਦਾ ਹੈ ਤੇ ਧਰਤੀ 'ਤੇ ਹੌਲੀ-ਹੌਲੀ ਉੱਤਰਦਾ ਹੈ ਤੇ ਧਰਤੀ ਵਿੱਚ ਸਿੰਮਦਾ ਰਹਿੰਦਾ ਹੈ । ਪੱਤਿਆਂ ਵਾਲਾ ਪਾਣੀ ਹਵਾ ਨਾਲ ਵੀ ਤੇ ਧੁੱਪ ਨਾਲ ਵੀ ਸੁੱਕਦਾ ਹੈ । ਇਹੋ ਜਿਹੇ ਹੜ੍ਹ ਫਿਰ ਵੀ ਆ ਸਕਦੇ ਹਨ ਜਿਹੜੇ ਪਹਿਲਾਂ ਨਾਲੋਂ ਵੀ ਵਧੇਰੇ ਭਿਆਨਕ ਹੋਣਗੇ ਕਿਉਂਕਿ ਰੁੱਖ ਵੱਢੇ ਜਾ ਰਹੇ ਹਨ । ਲੋਕੀਂ ਹੜ੍ਹਾਂ ਨਾਲ ਮਰ ਜਾਣਗੇ, ਡੁੱਬਣਗੇ; ਪਰ ਰੁੱਖਾਂ ਨੂੰ ਲਾਉਣ ਲਈ ਨਿਹੰਗ ਸਿੰਘ



ਵਾਂਙੂ ਜੀਵਨ ਅਰਪਣ ਕਰਨ ਲਈ ਤਿਆਰ ਨਹੀਂ ਹੋਣਗੇ । ਉੱਪਰ ਹੜ੍ਹਾਂ ਦੀ ਤਬਾਹੀ ਦਾ ਚਰਚਾ ਕੀਤਾ ਗਿਆ ਹੈ । ਇਹ ਵੀ ਦੱਸਿਆ ਗਿਆ ਹੈ ਕਿ ਪਹਾੜਾਂ ਦੀਆਂ ਉਚਾਈਆਂ ਤੋਂ ਭਾਖੜਾ ਡੈਮ ਵੱਲ ਏਨਾ ਵਧੇਰੇ ਪਾਣੀ ਆਇਆ ਕਿ ਜੇ ਉਸ ਪਾਣੀ ਨੂੰ ਡੈਮ ਵਿੱਚੋਂ ਕੰਧ ਵਾਂਙੂ ਨਾ ਛੱਡਿਆ ਜਾਂਦਾ ਤਾਂ ਭਾਖੜਾ ਡੈਮ ਟੁੱਟ ਸਕਦਾ ਸੀ । ਡੈਮ ਵਿੱਚੋਂ ਪਾਣੀ ਛੱਡਣ ਨਾਲ ਜਿਹੜੇ ਹੜ੍ਹ ਆਏ ਉਹਨਾਂ ਹੜ੍ਹਾਂ ਤੋਂ ਪੰਜਾਬ ਦੇ ਕਈ ਜ਼ਿਲ੍ਹੇ ਬਚੇ ਰਹੇ ਪਰ ਜੇ ਡੈਮ ਟੁੱਟ ਜਾਂਦਾ ਤਾਂ ਦਿੱਲੀ ਸ਼ਹਿਰ ਵਿੱਚ ਵੀ ਅੱਠ ਫੁੱਟ ਪਾਣੀ ਚੜ੍ਹ ਜਾਣਾ ਸੀ । ਭਾਖੜਾ ਡੈਮ ਦੀ ਉਸਾਰੀ 'ਤੇ ਪਹਾੜ ਜਿੱਡੀ ਵੱਡੀ ਰਕਮ ਖ਼ਰਚ ਹੋਈ ਸੀ । ਜਿਨ੍ਹਾਂ ਕੰਮਾਂ ਲਈ ਕੇਂਦਰ ਦੀਆਂ ਸਰਕਾਰਾਂ ਦੂਜੇ ਦੇਸ਼ਾਂ ਤੋਂ ਕਰਜ਼ਾ ਲੈਂਦੀਆਂ ਰਹੀਆਂ ਹਨ ਉਹਨਾਂ ਡੈਮਾਂ ਦੀ ਉਸਾਰੀ ਲਈ ਵੀ ਬਹੁਤ ਵੱਡੀਆਂ ਰਕਮਾਂ ਕਰਜ਼ ਲਈਆਂ ਜਾਂਦੀਆਂ ਰਹੀਆਂ ਹਨ । ਡੈਮਾਂ ਤੋਂ ਨਹਿਰਾਂ ਨਿਕਲਦੀਆਂ ਹਨ, ਬਿਜਲੀ ਪੈਦਾ ਹੁੰਦੀ ਹੈ । ਪਹਾੜਾਂ ਵਿੱਚ ਜੇ ਰੁੱਖ ਘਟ ਜਾਣ ਤਾਂ ਮੀਂਹ ਦੀ ਕਣੀ ਸਿੱਧੀ ਧਰਤੀ ਉੱਤੇ ਡਿੱਗਦੀ ਹੈ ਅਤੇ ਪਹਾੜਾਂ ਦੀ ਮਿੱਟੀ ਨੂੰ ਖੋਰਦੀ ਹੈ । ਉਹ ਮਿੱਟੀ ਡੈਮ ਨੂੰ ਭਰਦੀ ਰਹਿੰਦੀ ਹੈ ਤੇ ਡੈਮ ਦੀ ਉਮਰ ਘਟਦੀ ਰਹਿੰਦੀ ਹੈ । ਜਦ ਭਾਖੜਾ ਡੈਮ ਬਣੀ ਸੀ ਤਾਂ ਇਸ ਦੀ ਉਮਰ ਪੰਜ ਸੌ ਸਾਲ ਗਿਣੀ ਗਈ ਸੀ ਪਰ ਪਹਾੜਾਂ ਵਿੱਚ ਰੁੱਖ ਵੱਢੇ ਜਾਂਦੇ ਰਹੇ । ਮੀਂਹ ਦੀਆਂ ਜਿਨ੍ਹਾਂ ਕਣੀਆਂ ਨੇ ਰੁੱਖਾਂ ਦੇ ਪੱਤਿਆਂ ਉੱਤੇ ਡਿਗਣਾ ਸੀ ਉਹ ਪਹਾੜਾਂ ਦੀ ਧਰਤੀ 'ਤੇ ਡਿੱਗਦੀਆਂ ਰਹੀਆਂ । ਮੀਂਹ ਦੀ ਕਣੀ ਬੜੇ ਜ਼ੋਰ ਨਾਲ ਧਰਤੀ ਉੱਤੇ ਡਿੱਗਦੀ ਹੁੰਦੀ ਹੈ ਤੇ ਮਿੱਟੀ ਨੂੰ ਖੋਰਦੀ ਹੁੰਦੀ ਹੈ । ਦੂਜੇ ਦੇਸ਼ਾਂ ਦਾ ਜਿਹੜਾ ਕਰਜ਼ਾ ਭਾਰਤ ਉੱਤੇ ਚੜ੍ਹਿਆ ਹੋਇਆ ਹੈ ਉਹ ਇਕ ਸੌ ਕਰੋੜ ਹੈ । ਕੁਵੈਤ ਦਾ ਜੰਗ ਲੱਗਣ ਤੋਂ ਪਹਿਲਾਂ ਉਸ ਦਾ ਜਿਹੜਾ ਵਿਆਜ ਦੇਣਾ ਪੈਂਦਾ ਸੀ ਉਸ ਦਾ ਹਿਸਾਬ ਇਹ ਸੀ ਕਿ ਜੋ ਮਾਲ ਕੱਪੜਾ, ਗਊਆਂ ਦਾ ਮਾਸ, ਸਬਜ਼ੀਆਂ, ਡੰਗਰਾਂ ਦਾ ਚਮੜਾ, ਬਾਸਮਤੀ ਦੇ ਚੌਲ ਉਸ ਦੀ ਸੌ ਰੁਪਏ ਦੀ ਵੱਟਕ, ਵਿੱਚੋਂ ਤੀਹ ਰੁਪਏ ਵਿਆਜ ਦੇ ਚਲੇ ਜਾਂਦੇ ਰਹੇ ਹਨ । ਕੁਵੈਤ ਦਾ ਜੰਗ ਜਨਵਰੀ ੧੯੯੧ ਨੂੰ ਲੱਗਿਆ ਸੀ । ਉਸ ਦੇ ਲੱਗਣ ਨਾਲ ਡੀਜ਼ਲ ਪੈਟਰੋਲ ਦੀਆਂ ਕੀਮਤਾਂ ਵਧ ਗਈਆਂ ਹੋਣ ਕਰਕੇ ਵਿਆਜ ਸੌ 'ਚੋਂ ਚਾਲੀ ਜਾਣ ਲੱਗ ਪਿਆ ਹੈ । ਲਾਲਾ ਹਰਦਿਆਲ ਨੇ ਆਪਣੀ ਪੁਸਤਕ **Hints for self culture** (ਆਪਣੇ ਸੱਭਿਆਚਾਰ ਲਈ ਕੁਝ ਸੁਝਾਅ) ਵਿੱਚ ਦੱਸਿਆ ਹੈ—"ਦੁਨੀਆਂ ਦੇ ਬੰਦਿਆਂ ਦਾ ਹਾਲ ਉਸ ਪਰਿਵਾਰ ਜੈਸਾ ਹੈ

ਜਿਹੜਾ ਸਮੁੰਦਰ ਦੇ ਕਿਨਾਰੇ ਦੀ ਬਰੇਤੀ ਦੇ ਉਸ ਥਾਂ 'ਤੇ ਬੈਠ ਕੇ ਗਾਉਣ-ਵਜਾਉਣ ਵਿੱਚ ਰੁੱਝ ਗਿਆ ਸੀ ਜਿਸ ਦੇ ਹੇਠਾਂ ਮਗਰਮੱਛ ਛੁਪਿਆ ਹੋਇਆ ਸੀ। ਮਗਰਮੱਛ ਕੁਝ ਸਮੇਂ ਲਈ ਹੀ ਸਮੁੰਦਰ ਤੋਂ ਬਾਹਰ ਆਉਂਦਾ ਹੁੰਦਾ ਹੈ, ਉਸ ਨੇ ਤਾਂ ਕੁਝ ਸਮੇਂ ਪਿੱਛੋਂ ਸਮੁੰਦਰ ਨੂੰ ਮੁੜਣਾ ਹੀ ਹੁੰਦਾ ਹੈ। ਉਹ ਸਮੁੰਦਰ ਨੂੰ ਮੁੜਿਆ ਤੇ ਗਾਉਣ-ਵਜਾਉਣ ਵਿੱਚ ਰੁੱਝਾ ਪਰਿਵਾਰ ਵੀ ਉਸ 'ਤੇ ਬੈਠਾ ਬਿਠਾਇਆ ਸਮੁੰਦਰ ਵਿੱਚ ਪੁੱਜ ਕੇ ਡੁੱਬ ਗਿਆ।" ਅੰਗਰੇਜ਼ੀ ਜ਼ੁਬਾਨ ਦਾ ਅਖਾਣ ਹੈ—**Exeperience is not what happens to a man but what one does at what happens to him.**

ਅਰਥਾਤ—ਤਜਰਬਾ ਉਹ ਨਹੀਂ ਹੁੰਦਾ ਜੋ ਬੰਦੇ ਨਾਲ ਬੀਤਦਾ ਹੈ ਬਲਕਿ ਤਜਰਬਾ ਉਹ ਹੁੰਦਾ ਹੈ ਜੋ ਬੰਦੇ ਨਾਲ ਬੀਤੇ ਅਤੇ ਉਸ ਤੋਂ ਪਿੱਛੋਂ ਸਿੱਖਿਆ ਪ੍ਰਾਪਤ ਕਰਕੇ ਉਸ ਤਜਰਬੇ ਨੂੰ ਸਨਮੁੱਖ ਰੱਖ ਕੇ ਉਹ ਅਗਾਂਹ ਨੂੰ ਕੀ ਕਰਦਾ ਹੈ। ਜੇ ਉਹ ਤਜਰਬਾ ਆਉਣ ਵਾਲੇ ਖ਼ਤਰਿਆਂ ਤੋਂ ਬਚਣ ਲਈ ਉਸ ਤੋਂ ਇਹ ਮੰਗ ਕਰਦਾ ਹੋਵੇ ਕਿ ਪਹਿਲੀ ਜੀਵਨ-ਚਾਲ ਨੂੰ ਛੱਡ ਕੇ ਨਵੀਂ ਜੀਵਨ-ਚਾਲ ਫੜੇ ਤਾਂ ਉਹ ਅਜਿਹਾ ਕਰਨ ਲਈ ਤਿਆਰ ਹੋਵੇਗਾ ਜਾਂ ਨਹੀਂ। ਭਾਖੜਾ ਡੈਮ ਦੇ ਟੁੱਟਣ ਦੇ ਖ਼ਤਰੇ ਵਾਲੀ ਜਿਹੜੀ ਗੱਲ ਉੱਪਰ ਲਿਖੀ ਗਈ ਹੈ ਅੰਮ੍ਰਿਤਸਰ ਸ਼ਹਿਰ ਵਿੱਚ ੫੦ ਫੁੱਟ ਪਾਣੀ ਆਉਣ ਨਾਲ ਤਾਂ ਗੁਰਦੁਆਰਾ ਬਾਬਾ ਅਟੱਲ ਸਾਹਿਬ ਦੀ ਇਮਾਰਤ 'ਤੇ ਚੜ੍ਹ ਕੇ ਵੀ ਕੋਈ ਬਚ ਨਹੀਂ ਸਕਦਾ ਸੀ। ਉੱਪਰ ਲਿਖੀ ਤਬਾਹੀ ਤੇ ਤਜਰਬੇ ਤੋਂ ਦਿੱਲੀ ਤਕ ਦੇ ਇਲਾਕੇ ਦੇ ਬੰਦੇ ਹੜ੍ਹਾਂ ਦੇ ਆਉਣ ਤੋਂ ਬਚਣ ਲਈ ਅਤੇ ਡੈਮ ਟੁੱਟਣ ਤੋਂ ਬਚਣ ਲਈ ਕੀ ਨਵਾਂ ਰਾਹ ਫੜਦੇ ਹਨ, ਇਹ ਗੱਲ ਵੇਖੀ ਜਾਣ ਵਾਲੀ ਹੈ। ਲੋਕਾਂ ਨੇ ਇਕ ਗੱਲ ਫੜੀ ਹੋਈ ਹੈ ਕਿ ਰੱਬ ਬਚਾਏਗਾ ਜਾਂ ਸਰਕਾਰ ਬਚਾਵੇਗੀ। ਦੁਨੀਆਂ ਦਾ ਇਤਿਹਾਸ ਦੱਸਦਾ ਹੈ ਕਿ ਅਜਿਹੀਆਂ ਸਰਕਾਰਾਂ ਬਣਦੀਆਂ ਰਹੀਆਂ ਹਨ ਜਿਹੜੀਆਂ ਲੋਕਾਂ ਨੂੰ ਡੋਬਣ ਦੇ ਹਾਲਾਤ ਪੈਦਾ ਕਰਦੀਆਂ ਰਹੀਆਂ ਸਨ। ਡੁੱਬਣ ਤੋਂ ਬਚਾਉਣ ਦਾ ਖ਼ਿਆਲ ਕਿਸ ਕਿਸਮ ਦੇ ਬੰਦਿਆਂ ਨੂੰ ਆਇਆ ਕਰਦਾ ਹੈ ਇਸ ਪ੍ਰਸ਼ਨ ਦਾ ਉੱਤਰ ਭਾਈ ਗੁਰਦਾਸ ਜੀ ਦੇ ਹੇਠ ਲਿਖੇ ਵਾਕ ਤੋਂ ਮਿਲਦਾ ਹੈ—

**ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ।**

ਸਾਧ ਬਣਨ ਲਈ ਐਮ.ਏ. ਦੀਆਂ ਸੋਲਾਂ ਜਮਾਤਾਂ ਪਾਸ ਕਰਨ ਦੀ ਲੋੜ ਨਹੀਂ ਹੁੰਦੀ ਕੇਵਲ ਧਾਰਮਿਕ ਬਾਣੀਆਂ ਜਿਵੇਂ ਗੁਰਸਿੱਖੀ ਦੇ ਨਿਤਨੇਮ ਦੀਆਂ ਪੰਜ ਬਾਣੀਆਂ ਦਾ ਰੋਜ਼ ਪਾਠ ਕਰਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਘੱਟ



ਤੋਂ ਘੱਟ ਇਕ ਵਾਕ ਰੋਜ਼ ਸੁਣਨ ਨਾਲ ਸਾਧ ਬਣਨ ਦਾ ਰਾਹ ਲੱਭ ਜਾਂਦਾ ਹੈ। ਅੰਨ੍ਹੇ ਵੀ ਪੰਜ ਬਾਣੀਆਂ ਅਤੇ ਅਣਗਿਣਤ ਸ਼ਬਦ ਯਾਦ ਕਰ ਲੈਂਦੇ ਹਨ। ਅੱਗੇ ਨੂੰ ਹੜ੍ਹਾਂ ਦੇ ਆਉਣ ਤੇ ਭਾਖੜਾ ਡੈਮ ਦੇ ਟੁੱਟਣ ਤੋਂ ਬਚਣ ਦਾ ਜੇ ਕੋਈ ਰਾਹ ਹੈ ਤਾਂ ਉਹ ਇਕੋ ਹੈ ਕਿ ਆਪਣੇ ਘਰਾਂ ਦੇ ਮੋਹ ਤੇ ਸੁੱਖਾਂ ਨੂੰ ਛੱਡ ਕੇ ਬਿਨਾਂ ਤਨਖ਼ਾਹ ਤੋਂ ਉਹਨਾਂ ਥਾਵਾਂ 'ਤੇ ਝੁੱਗੀਆਂ ਪਾ ਕੇ ਰੱਬ ਦੇ ਲੇਖੇ ਰੁੱਖਾਂ ਨੂੰ ਲਾਉਣ ਦਾ ਜੀਵਨ ਉਸ ਤਰ੍ਹਾਂ ਬਿਤਾਇਆ ਜਾਵੇ ਜਿਸ ਤਰ੍ਹਾਂ ਨਿਹੰਗ ਸਿੰਘ ਨੇ ਭੁੱਖਾਂ ਪਿਆਸਾਂ ਦੀ ਪਰਵਾਹ ਨਾ ਕਰਦਿਆਂ ਹੋਇਆਂ ਜੰਗਲਾਂ ਵਿੱਚ ਵਾਸਾ ਕਰਕੇ ਜਨਤਾ ਦੇ ਭਲੇ ਲਈ ਸੜਕ ਬਣਾਉਣ ਵਿੱਚ ਜੀਵਨ ਦਾ ਬਹੁਤ ਸਾਲਾਂ ਦਾ ਲੰਮਾ ਸਮਾਂ ਬਿਤਾਇਆ ਸੀ। ਜੇ ਵੱਧ ਤੋਂ ਵੱਧ ਲੋਕਾਂ ਨੇ ਅਜਿਹਾ ਨਾ ਕੀਤਾ ਤਾਂ ਉਹ ਉਸ ਤਰ੍ਹਾਂ ਪਛਤਾਉਣਗੇ ਜਿਸ ਤਰ੍ਹਾਂ ਮਗਰਮੱਛ 'ਤੇ ਬੈਠ ਕੇ ਗਾਉਣ-ਵਜਾਉਣ ਵਾਲਾ ਟੱਬਰ ਸਮੁੰਦਰ ਵਿੱਚ ਡੁੱਬਣ ਲੱਗਾ ਪਛਤਾਇਆ ਸੀ।

***ਹੜ੍ਹਾਂ ਜੈਸੀਆਂ ਅਨੇਕ ਪ੍ਰਕਾਰ ਦੀਆਂ ਤਬਾਹੀਆਂ ਤੋਂ ਬਚਣ ਲਈ***

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੋਂ ਸਿੱਖਿਆ ਪ੍ਰਾਪਤ ਕਰੋ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦ ਹੋਸ਼ ਸੰਭਾਲੀ ਤੇ ਜੀਵਨ ਨਿਰਬਾਹ ਲਈ ਕੋਈ ਕੰਮ ਕਾਜ ਕਰਨ ਦਾ ਸਮਾਂ ਆ ਗਿਆ ਤਾਂ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਵਣਜ-ਵਪਾਰ ਕਰਨ ਲਈ ਵੀਹ ਰੁਪਏ ਪੂੰਜੀ ਵਜੋਂ ਦਿੱਤੇ ਸਨ। ਇਹ ਪੂੰਜੀ ਮਿਲਣ ਪਿੱਛੋਂ ਇਕ ਦਿਨ ਜਦੋਂ ਉਹ ਤੁਰੇ ਜਾ ਰਹੇ ਸਨ ਤਾਂ ਉਹਨਾਂ ਨੂੰ ਰਸਤੇ ਵਿੱਚ ਕੁਝ ਭੁੱਖੇ ਸਾਧੂ ਮਿਲੇ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਜਨਮ ਤੋਂ ਹਿਰਦੇ ਵਿੱਚ ਪ੍ਰਾਣੀ-ਮਾਤਰ ਦੀ ਭਲਾਈ ਲਈ ਤੜਪ ਲੈ ਕੇ ਪੈਦਾ ਹੋਏ ਹੋਏ ਸਨ। ਰਸਤੇ ਵਿੱਚ ਕੁਝ ਭੁੱਖੇ ਸਾਧੂਆਂ ਦੇ ਮਿਲਣ ਉੱਤੇ ਉਹਨਾਂ ਦੇ ਹਿਰਦੇ ਦੀ ਤੜਪ ਨੇ ਉਨ੍ਹਾਂ ਪਾਸੋਂ ਸਾਰੀ ਪੂੰਜੀ ਉਨ੍ਹਾਂ ਸਾਧਾਂ ਦੇ ਭੋਜਨ 'ਤੇ ਖ਼ਰਚ ਕਰਾ ਦਿੱਤੀ। ਪਿਤਾ ਨਾਰਾਜ਼ ਹੋਏ। ਰਾਇ ਬੁਲਾਰ ਨੇ ਗੁਰੂ ਜੀ ਤੋਂ ਪੁੱਛਿਆ ਕਿ ਤੇਰੇ ਬਾਪ ਨੇ ਬੜੀ ਖੇਚਲ ਨਾਲ ਰੁਪਿਆ ਕਮਾਇਆ ਸੀ ਤੇ ਤੂੰ ਉਸ ਦੀ ਇੱਛਿਆ ਨੂੰ ਠੁਕਰਾਉਂਦਿਆਂ ਹੋਇਆਂ ਰੁਪਏ ਨੂੰ ਆਪਣੇ ਆਉਣ ਵਾਲੇ ਸਮੇਂ ਤੋਂ ਬੇਪ੍ਰਵਾਹ ਰਹਿ ਕੇ ਹੋਰਨਾਂ 'ਤੇ ਖ਼ਰਚ ਕਰਨ ਲੱਗਿਆਂ ਕੁਝ ਸੋਚਿਆ ਹੀ ਨਹੀਂ। ਤੂੰ ਇਹ ਕੀ ਕਮਲਪੁਣਾ ਕੀਤਾ ਹੈ? ਗੁਰੂ ਜੀ ਨੇ ਰਾਇ ਬੁਲਾਰ ਨੂੰ ਕਿਹਾ ਕਿ ਮੈਨੂੰ ਰੱਬ ਦਾ ਸੱਦਾ ਆਇਆ ਸੀ; ਇਸ ਲਈ

ਮੈਂ ਆਪਣੀ ਪੂੰਜੀ ਸਾਧਾਂ ਦੀ ਭੁੱਖ ਮਿਟਾਉਣ ’ਤੇ ਖ਼ਰਚ ਕਰ ਦਿੱਤੀ ਤੇ ਸੱਚਾ ਸੌਦਾ ਕਰ ਲਿਆ । ਰਾਇ ਬੁਲਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਿਹਾ ਕਿ ਇਹੋ ਜਿਹੇ ਸੱਦੇ ਤੈਨੂੰ ਕਿਉਂ ਆਉਂਦੇ ਰਹਿੰਦੇ ਹਨ, ਸਾਨੂੰ ਕਿਉਂ ਨਹੀਂ ਆਉਂਦੇ ? ਇਸ ਪ੍ਰਸ਼ਨ ਦੇ ਉੱਤਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੇਠ ਲਿਖਿਆ ਸ਼ਬਦ ਉਚਾਰਿਆ—

**ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ ॥** ਅੰਗ ੭੩੦

ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਅੰਕਤ ਹੈ ।

ਅਰਥਾਤ ਹਰ ਮਨੁੱਖ ਲਈ ਪ੍ਰਮਾਤਮਾ ਦੇ ਸੱਦੇ ਸਮੇਂ-ਸਮੇਂ ਆਉਂਦੇ ਰਹਿੰਦੇ ਹਨ ਤੇ ਹਰ ਕੋਈ ਉਹਨਾਂ ਨੂੰ ਸੁਣ ਵੀ ਸਕਦਾ ਹੈ ਜੇ ਉਹ ਨੇਕ ਨੀਅਤ ਨਾਲ ਹਰੀ ਨੂੰ ਚੇਤੇ ਕਰੇ ।

ਰੁੱਖਾਂ ਨੂੰ ਲਾਉਣ ਲਈ ਜੀਵਨ ਅਰਪਣ ਕਰਨ ਦਾ ਸੱਦਾ ਦੇਸ਼ ਦੇ ਹਰ ਨੌਜਵਾਨ ਨੂੰ ਸੁਣਨਾ ਚਾਹੀਦਾ ਹੈ । ਮੈਨੂੰ ਇਸ ਸੱਦੇ ਦੀ ਸਮਝ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹਨ ਸੁਣਨ ਨਾਲ ਆਈ ਹੈ । ਉਮਰ ਦਾ ਬਹੁਤ ਸਾਰਾ ਹਿੱਸਾ ਸੜਕ ਬਣਾਉਣ ਵਿੱਚ ਖ਼ਰਚ ਕਰਨ ਵਾਲੇ ਨਿਹੰਗ ਸਿੰਘਾਂ ਨੇ ਉਹੋ ਸੱਦਾ ਸੁਣਿਆ ਸੀ ਕਿਉਂਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹਨ ਅਤੇ ਸੁਣਨ ਵਾਲਾ ਸੀ । ਆਸਾ ਦੀ ਵਾਰ ਦਾ ਹੇਠ ਲਿਖਿਆ ਸ਼ਬਦ ਹੈ—

**ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ॥**
**ਤਾ ਹੋਆ ਪਾਕੁ ਪਵਿਤੁ॥ ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ॥**

(ਅੰਗ ੪੭੩)

ਇਸ ਲਈ ਮੈਂ ਹੜ੍ਹਾਂ ਦੀਆਂ ਤਬਾਹੀਆਂ ਤੋਂ ਬਚਣ ਲਈ ਲੋਕਾਂ ਦਾ ਧਿਆਨ ਸੰਨ ੧੯੨੮ ਤੋਂ ਇਸ ਸੱਦੇ ਵੱਲ ਦਿਵਾ ਰਿਹਾ ਹਾਂ ।

**Non-involvements in peace mean involvements in war.**

ਅਰਥਾਤ—ਅਮਨ ਸ਼ਾਂਤੀ ਨਾਲ ਜਦ ਜੀਵਨ ਬੀਤ ਰਿਹਾ ਹੋਵੇ, ਜਿਨ੍ਹਾਂ ਕੰਮਾਂ ਨੂੰ ਕਰਨ ਨਾਲ ਉਹਨਾਂ ਤਬਾਹੀਆਂ ਤੋਂ ਬਚਿਆ ਜਾਵੇ ਜਿਹੜੀਆਂ ਲੋਕਾਂ ਦੀਆਂ ਗ਼ਲਤੀਆਂ ਨਾਲ ਆ ਰਹੀਆਂ ਹਨ । ਕੁਝ ਤਬਾਹੀਆਂ ਦਾ ਨਾਮ ਮੈਂ ਉੱਪਰ ਦੇ ਚੁੱਕਾ ਹਾਂ।



# ਇਕ ਜੀਵਨ ਦਾਨੀ ਇਤਿਹਾਸਿਕ ਨਿਹੰਗ ਸਿੰਘ

ਇਕ ਨਿਹੰਗ ਸਿੰਘ ਮੋਨਧਾਰੀ ਹੋ ਗਿਆ ਤੇ ਸੰਸਾਰ ਛੱਡ ਕੇ ਕਿਨਾਰਾ ਕਰ ਗਿਆ । ਨਾ ਉਹ ਕਿਸੇ ਤੋਂ ਕੁਝ ਮੰਗਦਾ ਤੇ ਨਾ ਹੀ ਕਿਸੇ ਸ਼ੈਅ ਦੀ ਕੋਈ ਇੱਛਾ ਹੀ ਰੱਖਦਾ । ਜਦੋਂ ਕਦੀ ਅੰਨ ਮਿਲ ਜਾਂਦਾ ਤਾਂ ਖਾ ਲੈਂਦਾ ਨਹੀਂ ਤਾਂ ਕਈ-ਕਈ ਦਿਨ ਉਹ ਫਾਕੇ ਮਸਤ ਹੀ ਰਹਿੰਦਾ । ਕਨਿੰਘਮ ਸਾਹਿਬ ਨੂੰ ਉਸ ਦੀ ਇਸ ਬਿਰਤੀ ਦੀ ਖ਼ਬਰ ਉਦੋਂ ਮਿਲੀ ਜਦੋਂ ਉਹ ਇਕ ਘਣੇ ਜੰਗਲ ਵਿੱਚੋਂ ਚੌੜੀ ਸੜਕ ਪੁੱਟ ਰਿਹਾ ਸੀ । ਉਸ ਸਿੰਘ ਨੂੰ ਸੜਕ ਪੁੱਟਦਾ ਦੇਖ ਕੇ ਕਨਿੰਘਮ ਸਾਹਿਬ ਹੈਰਾਨ ਹੋਇਆ ਤੇ ਉਸ ਨੇ ਆਪਣੇ ਦਿਲ ਵਿੱਚ ਸੋਚਿਆ ਕਿ ਇਹ ਸਿੰਘ ਇਕ ਵਿਰੱਕਤ ਸਿੰਘ ਹੁੰਦਾ ਹੋਇਆ ਵੀ ਮਜ਼ਦੂਰਾਂ ਵਾਂਗ ਸੜਕ ਕਿਉਂ ਪੁੱਟ ਰਿਹਾ ਹੈ । ਆਪਣੇ ਹਿਰਦੇ ਦੀ ਇਹ ਸ਼ੰਕਾ ਦੂਰ ਕਰਨ ਲਈ ਉਸ ਨੇ ਸਿੰਘ ਨੂੰ ਪੁੱਛਿਆ ਕਿ ਤੁਸੀਂ ਜਦੋਂ ਵਿਰੱਕਤ ਸਿੰਘ ਹੋ ਚੁੱਕੇ ਹੋ ਫੇਰ ਤੁਹਾਨੂੰ ਹੋਰਨਾਂ ਲੋਕਾਂ ਲਈ ਮਜ਼ਦੂਰਾਂ ਵਾਲੀਆਂ ਕਰੜੀਆਂ ਸਰੀਰਕ ਘਾਲਾਂ ਘਾਲਣ ਦੀ ਕੀ ਲੋੜ ਹੈ ?

ਸਾਹਿਬ ਦੇ ਇਸ ਪ੍ਰਸ਼ਨ ਉੱਤੇ ਸਿੰਘ ਚੁੱਪ ਰਿਹਾ, ਪਰ ਸਾਹਿਬ ਦੇ ਹਿਰਦੇ ਵਿੱਚ ਬੜੀ ਭਾਰੀ ਹੈਰਾਨੀ ਪੈਦਾ ਹੋਈ ਸੀ ਜਿਸ ਨੂੰ ਉਹ ਦੂਰ ਕਰਨਾ ਚਾਹੁੰਦਾ ਸੀ । ਇਸ ਲਈ ਸਾਹਿਬ ਨੇ ਉੱਤਰ ਦੇਣ ਦੀ ਫਿਰ ਬੇਨਤੀ ਕੀਤੀ । ਸਿੰਘ ਨੇ ਉੱਤਰ ਦਿੱਤਾ ਕਿ ਉਸ ਨੂੰ ਕਿਸੇ ਸ਼ੈਅ ਦੀ ਲੋੜ ਨਹੀਂ ਹੈ ਤੇ ਉਹ ਇੱਥੋਂ ਤਕ ਕਿ ਸੰਸਾਰਕ ਲੋੜਾਂ ਤੋਂ ਬੇਪਰਵਾਹ ਹੈ ਕਿ ਰੋਟੀ ਨਾ ਮਿਲਣ ਉੱਤੇ ਆਪਣਾ ਨਿਰਬਾਹ ਵੀ ਉਹ ਜੜ੍ਹ ਅਥਵਾ ਜੰਗਲੀ ਫਲ ਖਾ ਕੇ ਹੀ ਕਰ ਲੈਂਦਾ ਹੈ । ਸੜਕ ਉਹ ਇਸ ਲਈ ਪੁੱਟ ਰਿਹਾ ਹੈ ਕਿਉਂਕਿ ਏਧਰ ਇਕ ਭਾਰੀ ਨਗਰ ਵੱਸਦਾ ਹੈ ਜਿਸਦਾ ਰਸਤਾ ਇਸ ਜੰਗਲ ਵਿੱਚੋਂ ਪਗਡੰਡੀਆਂ ਦਾ ਹੈ । ਰਾਹੀ ਲੋਕਾਂ ਨੂੰ ਇਸ ਘਣੇ ਜੰਗਲ ਵਿੱਚ ਜੰਗਲੀ ਜਨੌਰਾਂ ਤੇ ਧਾੜਵੀ ਬੰਦਿਆਂ ਤੋਂ ਬਹੁਤ ਦੁੱਖ ਪੁੱਜਦਾ ਹੈ । ਇਸ ਲਈ ਜੇਕਰ ਇਸ ਥਾਂ ਉੱਤੇ ਇਕ ਸੜਕ ਬਣਾ ਦਿੱਤੀ ਜਾਵੇ ਤਾਂ ਉਸ ਦਾ ਇਲਾਕੇ ਦੀ ਜਨਤਾ ਨੂੰ ਬੜਾ ਸੁੱਖ ਹੋਵੇਗਾ । ਸਪੱਸ਼ਟ ਹੈ ਕਿ ਸਿੰਘ ਜੀ ਦਾ ਇਹ ਵਿਸ਼ਵਾਸ ਨਹੀਂ ਸੀ ਕਿ ਵਿਰੱਕਤਾਂ ਨੂੰ ਦੁਨੀਆਂ ਤੋਂ ਅਲੱਗ ਹੋ ਜਾਣਾ ਚਾਹੀਦਾ ਹੈ ਸਗੋਂ ਸੇਵਕ ਹੋ ਕੇ ਵਿਚਰਨਾ ਚਾਹੀਦਾ ਹੈ । ਸਿੰਘ ਦੀ ਸਹੀ ਵਿਚਾਰਧਾਰਾ ਨੂੰ ਸਮਝਦਿਆਂ ਹੋਇਆਂ ਕਿਸੇ ਨੇ ਕੋਲੋਂ ਕਿਹਾ ਕਿ ਜਦੋਂ ਉਹ ਸੰਸਾਰ ਤੋਂ ਵਿਰੱਕਤ ਹੀ ਹੋ ਗਿਆ ਹੈ ਤਾਂ ਉਸ ਨੂੰ ਇਹ ਸੜਕ ਪੁੱਟਣ ਦਾ ਕਠਿਨ ਕੰਮ ਕਰਨ ਦੀ ਕੀ ਲੋੜ ਹੈ; ਜਿਸ ਦੀ ਕਰੜੀ ਸਰੀਰਕ ਮਿਹਨਤ ਕਰਕੇ ਉਸ ਦੇ ਸਿਰ ਤੋਂ ਪੈਰਾਂ ਤਕ ਮੁੜ੍ਹਕਾ ਵੀ ਵਗ ਰਿਹਾ ਹੈ? ਉਹ ਸਰਦੀਆਂ ਦੀ ਰੁੱਤ ਵਿੱਚ ਸਰਦੀ ਤੇ ਗਰਮੀਆਂ ਦੀ ਰੁੱਤੇ ਧੁੱਪ ਦੀਆਂ ਤਕਲੀਫ਼ਾਂ

ਕਿਉਂ ਭੋਗਦਾ ਰਹਿੰਦਾ ਹੈ ? ਸੱਚਮੁੱਚ ਉਹ ਭੋਲਾ ਹੈ ਜਿਸ ਨੂੰ ਇਹ ਵੀ ਪਤਾ ਨਹੀਂ ਕਿ ਉਸ ਦੀਆਂ ਕਰੜੀਆਂ ਸਰੀਰਕ ਘਾਲਾਂ ਘਾਲਣ ਦੇ ਬਾਵਜੂਦ ਵੀ ਉਸ ਨੂੰ ਕਿਸੇ ਨੇ ਸ਼ਾਬਾਸ਼ ਵੀ ਨਹੀਂ ਆਖਣੀ । ਨਿਹੰਗ ਸਿੰਘ ਨੇ ਹੱਸ ਕੇ ਕਿਹਾ ਕਿ ਕਿਸੇ ਮਨੁੱਖ ਦੀ ਸ਼ਾਬਾਸ਼ ਦੀ ਇੱਛਾ ਤਾਂ ਕਿਤੇ ਰਹੀ ਉਹ ਇਸ ਕੰਮ ਨੂੰ ਕੋਈ ਅਖੌਤੀ ਪੁੰਨ ਸਮਝ ਕੇ ਵੀ ਨਹੀਂ ਕਰ ਰਿਹਾ । ਉਸ ਨੂੰ ਅਕਾਲ ਪੁਰਖ ਨੇ ਮਨੁੱਖਾ ਦੇਹੀ ਦਿੱਤੀ ਹੈ ਤੇ ਹੁਣ ਗੁਰੂ ਦੀ ਸਿੱਖਿਆ ਤੇ ਕਿਰਪਾ ਨਾਲ ਉਹ ਸੰਸਾਰ-ਸੇਵਾ ਦੁਆਰਾ ਉਸ ਅਕਾਲ ਪੁਰਖ ਨੂੰ ਯਾਦ ਰੱਖਣ ਵਿੱਚ ਆਪਣੇ ਮਨ ਨੂੰ ਜੋੜਦਾ ਹੈ । ਜੇਕਰ ਉਹ ਕੋਈ ਕੰਮ ਸੰਸਾਰ ਸੇਵਾ ਦਾ ਨਾ ਕਰੇ ਤਾਂ ਫੇਰ ਉਹ ਮਨੁੱਖ ਨਹੀਂ ਕੀੜਿਆਂ ਮਕੌੜਿਆਂ ਵਰਗਾ ਹੀ ਹੋਵੇਗਾ । ਬੇਮਨੋਰਥੇ ਢੰਗ ਨਾਲ ਜੀਵਨ ਜੀਅ ਕੇ ਪ੍ਰਮਾਤਮਾ ਦੀ ਬਖ਼ਸ਼ੀ ਹੋਈ ਇਸ ਦੇਹੀ ਦੀ ਸਫਲਤਾ ਨਹੀਂ ਹੋਵੇਗੀ । ਸੋ ਆਪਣੀ ਇਸ ਦੇਹੀ ਨੂੰ ਸਫਲ ਕਰਨ ਲਈ ਹੀ ਉਹ ਇਹ ਸਰੀਰਕ ਘਾਲਾਂ ਘਾਲ ਰਿਹਾ ਹੈ ਤਾਂ ਜੋ ਉਹ ਜਨਤਾ ਦੇ ਸੁੱਖਾਂ ਦਾ ਇਕ ਸਾਧਨ ਬਣ ਸਕੇ । ਉਸ ਨੂੰ ਆਪਣੀ ਵਡਿਆਈ ਜਾਂ ਪ੍ਰਸਿੱਧੀ ਆਦਿ ਦੀ ਕੋਈ ਇੱਛਾ ਨਹੀਂ ।

ਸਿੱਖ-ਪੰਥ ਦੇ ਮਹਾਨ ਵਿਦਵਾਨ ਭਾਈ ਵੀਰ ਸਿੰਘ ਜੀ ਦੇ ਸਪਤਾਹਿਕ ਪੱਤਰ (ਖ਼ਾਲਸਾ ਸਮਾਚਾਰ) ਅੰਮ੍ਰਿਤਸਰ ਵਿੱਚੋਂ

## ਅਕਾਲੀ ਸਿੰਘਾਂ ਦੀ ਸੰਪਰਦਾ

ਇਸ ਗੱਲ ਲਈ ਕਿ ਹਰ ਸਿੱਖ ਨੂੰ ਦਸਾਂ ਨਹੁੰਆਂ ਨਾਲ ਕਿਰਤ ਕਰਨੀ ਤੇ ਕੋਈ ਨਾ ਕੋਈ ਕਿਰਤ ਦਾ ਕਾਰ-ਵਿਵਹਾਰ (ਧੰਦਾ) ਅਖ਼ਤਿਆਰ ਕਰਨਾ ਜ਼ਰੂਰੀ ਹੈ । ਅਕਾਲੀ ਸਿੰਘਾਂ ਦੇ ਹਿਰਦਿਆਂ ਅੰਦਰ ਐਨਾ ਜ਼ਬਰਦਸਤ ਅਹਿਸਾਸ ਸੀ ਕਿ ਹਰ ਅਜਿਹਾ ਸਿੱਖ ਭੀ ਜਿਹੜਾ ਘਰ-ਘਾਟ ਦੇ ਬੰਧਨਾਂ ਨੂੰ ਤੋੜ ਕੇ ਵਿਰੱਕਤ (ਬਿਹੰਗਮ) ਹੋ ਜਾਂਦਾ ਸੀ ਤੇ ਜਿਸ ਦੀ ਰੁਚੀ ਜੰਗ ਕਰਨ ਵਿੱਚ ਘੱਟ ਹੁੰਦੀ ਸੀ ਉਹ ਵੀ ਹੱਥਾਂ ਦੀ ਸੇਵਾ ਤੋਂ ਕਦੇ ਕਿਸੇ ਵੇਲੇ ਵਿਹਲਾ ਨਹੀਂ ਰਹਿੰਦਾ ਸੀ । ਅਜਿਹਾ ਸਿੱਖ ਕੌਮ ਦੇ ਸਾਂਝੇ ਭਲੇ ਵਾਸਤੇ ਕਿਸੇ ਢੰਗ ਨਾਲ ਆਪਣੇ ਆਪ ਨੂੰ ਹੱਥਾਂ ਦੀ ਸੇਵਾ ਦੇ ਕਿਸੇ ਕੰਮ-ਕਾਰ ਵਿਚ ਲਾ ਛੱਡਦਾ ਸੀ ।

ਕਨਿੰਘਮ ਸਾਹਿਬ ਲਿਖਦੇ ਹਨ ਕਿ ਇਸ ਤਰ੍ਹਾਂ ਨਾਲ ਮੈਂ ਇਕ ਵਾਰੀ ਇਕ ਅਕਾਲੀ ਸਿੰਘ ਦੇ ਦਰਸ਼ਨ ਕੀਤੇ ਜਿਹੜਾ ਇਕ ਸੜਕ ਦੀ ਇਸ ਤਰ੍ਹਾਂ ਰੀਝ ਨਾਲ ਮੁਰੰਮਤ ਕਰ ਰਿਹਾ ਸੀ ਜਿਵੇਂ ਕਿ ਸੜਕ ਨਵੇਂ ਸਿਰਿਉਂ ਬਣਾਉਣੀ



ਹੋਵੇ । ਇਸ ਸੜਕ ਨੂੰ ਉਹ ਅਕਾਲੀ ਸਿੰਘ ਸਤਲੁਜ ਦਰਿਆ ਦੇ ਮੈਦਾਨ ਤੋਂ ਆਰੰਭ ਕਰ ਕੇ ਕੀਰਤਪੁਰ ਦੇ ਸੋਹਣੇ ਕਸਬੇ ਨੂੰ ਕੱਢੀ ਲਈ ਜਾ ਰਿਹਾ ਸੀ । ਇਹ ਸੜਕ ਉੱਚੇ ਨੀਵੇਂ ਢਾਲੂ ਪਹਾੜੀ ਨਾਲਿਆਂ ਵਿੱਚੋਂ ਦੀ ਜਾ ਰਹੀ ਸੀ । ਉਹ ਅਕਾਲੀ ਸਿੰਘ ਵਿਰੱਕਤ ਹੋਣ ਕਰਕੇ ਸੰਸਾਰ ਦੇ ਨਰ-ਨਾਰੀਆਂ ਨੂੰ ਆਪਣੇ ਨਾਲ ਕਿਸੇ ਪ੍ਰਕਾਰ ਦਾ ਮੇਲ-ਮਿਲਾਪ ਜਾਂ ਸੰਬੰਧ ਰੱਖਣ ਦੀ ਆਗਿਆ ਨਹੀਂ ਸੀ ਦਿੰਦਾ । ਉਸ ਦੇ ਇਲਾਕੇ ਦੇ ਲੋਕੀਂ ਉਸ ਦਾ ਡੂੰਘਾ ਸਤਿਕਾਰ ਕਰਦੇ ਸਨ, ਜਿਹੜੇ ਉਸ ਦੀ ਗੁਜ਼ਰਾਨ ਲਈ ਰੋਟੀ-ਪਾਣੀ ਤੇ ਬਸਤਰ ਉਸ ਦੇ ਕਹੇ ਅਨੁਸਾਰ ਮਿਥੇ ਹੋਏ ਥਾਵਾਂ ਉੱਤੇ ਹਾਜ਼ਰ ਕਰ ਦਿੱਤਾ ਕਰਦੇ ਸਨ । ਕਨਿੰਘਮ ਸਾਹਿਬ ਨੇ ਲਿਖਿਆ ਹੈ ਕਿ ਉਹ ਅਕਾਲੀ ਸਿੰਘਾਂ ਦੀਆਂ ਕਰੜੀਆਂ ਤੇ ਸਰੀਰ ਨੂੰ ਕਸ਼ਟ ਦੇਣ ਵਾਲੀਆਂ ਸੇਵਾ ਦੀਆਂ ਘਾਲਾਂ, ਜਿਨ੍ਹਾਂ ਘਾਲਾਂ ਨੂੰ ਉਹ ਮਨੁੱਖਤਾ ਦੀ ਭਲਾਈ ਲਈ ਆਪਣੀ ਆਤਮਾ ਤੋਂ ਸੱਚੀ ਪ੍ਰੇਰਨਾ ਲੈ ਕੇ ਦਿਨ ਰਾਤ ਘਾਲਦਾ ਰਹਿੰਦਾ ਸੀ ਉਸ ਦੇ ਦਰਸ਼ਨ ਕਰਨ ਵਾਲੇ ਲੋਕਾਂ ਦੇ ਹਿਰਦਿਆਂ ਉੱਤੇ ਉਸ ਦੀ ਸ਼ਖ਼ਸੀਅਤ ਤੇ ਉਸ ਦੇ ਕਰਮ ਦੀ ਛਾਪ ਉੱਕਰ ਰਹੀ ਸੀ । ਇਸ ਗੱਲ ਦਾ ਇਕ ਪ੍ਰਤੱਖ ਸਰੂਪ ਕਨਿੰਘਮ ਸਾਹਿਬ ਨੇ ਆਪਣੀਆਂ ਅੱਖਾਂ ਨਾਲ ਇਹ ਦੇਖਿਆ ਕਿ ਉਸ ਅਕਾਲੀ ਸਿੰਘ ਦੇ ਲਾਗੇ ਹੀ ਇਕ ਹਿੰਦੂ ਮੁੰਡਾ ਜਿਹੜਾ ਆਪਣੀਆਂ ਭੇਡਾਂ ਤੇ ਬੱਕਰੀਆਂ ਚਾਰ ਰਿਹਾ ਸੀ, ਅਕਾਲੀ ਸਿੰਘ ਦੀ ਸ਼ਖ਼ਸੀਅਤ ਤੋਂ ਪ੍ਰੇਰਨਾ ਲੈਂਦਾ ਹੋਇਆ ਉਸ ਦੇ ਧਾਰਮਿਕ ਪ੍ਰਭਾਵ ਨੂੰ ਕਬੂਲ ਕਰ ਰਿਹਾ ਸੀ । ਉਸ ਲੜਕੇ ਨੇ ਅਕਾਲੀ ਸਿੰਘ ਬਾਰੇ ਕਨਿੰਘਮ ਸਾਹਿਬ ਨਾਲ ਗੱਲਾਂ ਕਰਦਿਆਂ ਹੋਇਆਂ ਸਿੰਘ ਜੀ ਲਈ ਆਪਣਾ ਭੈ ਭਰਿਆ ਸਤਿਕਾਰ ਪ੍ਰਗਟ ਕੀਤਾ । ਕਨਿੰਘਮ ਸਾਹਿਬ ਨੂੰ ਉਸ ਲੜਕੇ ਦੇ ਸਰੀਰ ਦੇ ਪਹਿਰਾਵੇ ਵਿੱਚ ਸਿੱਖ-ਰਹਿਤ ਦੀਆਂ ਕੁਝ ਨਿਸ਼ਾਨੀਆਂ ਦਿੱਸੀਆਂ ਸਨ । ਇਨ੍ਹਾਂ ਨਿਸ਼ਾਨੀਆਂ ਦਾ ਸਾਹਿਬ ਨੇ ਆਪਣੀ ਲਿਖਤ ਵਿਚ ਚਰਚਾ ਤਾਂ ਨਹੀਂ ਕੀਤਾ ਪਰ ਇਹ ਨਿਸ਼ਾਨੀਆਂ ਕਛਹਿਰਾ, ਕੜਾ ਤੇ ਕਮਰਕੱਸਾ ਹੀ ਹੋ ਸਕਦੀਆਂ ਹਨ । -ਭਗਤ ਪੂਰਨ ਸਿੰਘ

## MANUAL LABOUR

Bhoodan’s emphasis on manual work by every individual shows deep insight into human nature. In “Human Society in Ethics and Politics”, Bertrand Russell states: “Our mental make-up is suited to a life of very severe physical labour……” “If the human race is to survive, means must be found out for securing

an innocent outlet for the unused physical energy that produces the love of excitement." This is a matter which has been too little considered by moralists and social reformers. Finally the ideology warns mankind that the race for a continuous improved standard is suicidal. This is a thought-provoking and interesting book. The work as a whole clarifies the issues.

Society is paying dearly for its exploitation of
Industrial labour in the past

# WHAT'S WRONG WITH WORK?

From an address by Lansing P. SHIEID

In America, we are inclined to place too much reliance on our mass-produced guns, planes and A. bombs. We might well consider these we pons a liability as well as an asset in the present world struggle between ideologies. The kind of defence they suggest will hold back only for a little while the rising wave of Communism that has already engulfed more than one third of the earth's population.

On the other hand, we undervalue our greatest asset-a way of economic life that of all systems since the beginning of times, has provided the greatest improvement in man's lot. Here we have the most powerful defensive weapon on earth. Here is a way of life that has out produced and outfought every enemy. In the blood of the builders of this system is a heritage from the four corners of the earth.

Today we are letting these priceless assets of our society slip through our fingers. History has a way of repeating itself, and we well may be on the road to becoming soft. Mighty nations have been conquered



and their peoples enslaved because they lost the will to work.

During the last century of the Roman Republic larger and larger numbers of citizens refused to accept employment. By the time of Julius Caeser, 320,000 idlers were living on government dole; countless others subsisted on the bounty of corrupt politicians in exchange for votes. Later, during the last two centuries of the empire (284-176 A.D.) Rome was engulfed by a still further disdain toward work. In increasing numbers the middle and upper classes spurned useful employment. The coming of the Dark Ages could not long be delayed.

